Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

All Subject to Patiala Jurisdiction.

www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 11-01-2025 • Vol.43 No.02 • Ph. : 0175-2214575, 90410-14575 • Page : 16 E-mail : khetiduniyan1983@gmail.com

## ਕਣਕ ਅਤੇ ਬਰਸੀਮ ਵਿਚ ਮੈਗਨੀਜ਼ ਤੱਤ ਦੀ ਘਾਟ ਨਾ ਆਉਣ ਦਿਓ

**ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਾਂ ਉਸਦੇ ਸਹਾਇਕ ਅਦਾਰਿਆਂ ਵਿਚ ਵੱਖ-ਵੱਖ ਫਸਲਾਂ ਦੇ ਭਿੰਨ-ਭਿੰਨ ਤੱਤਾਂ ਦੀ ਘਾਟ ਦੇ ਨਮੂਨੇ ਪਰਖ ਲਈ ਆਉਂਦੇ ਹਨ, ਜਿੰਨਾ ਵਿਚ ਲਗਭਗ 12.3, 9.7 ਅਤੇ 26.1% ਮਿੱਟੀ ਦੇ ਨਮੂਨਿਆਂ ਵਿਚ ਤਰਤੀਬਵਾਰ ਜ਼ਿੰਕ, ਲੋਹਾ ਅਤੇ ਮੈਗਨੀਜ਼ ਦੀ ਘਾਟ ਦੇਖੀ ਗਈ ਹੈ। ਹਾੜੀ ਦੀਆਂ ਫਸਲਾਂ ਜਿਵੇਂ ਕਿ ਕਣਕ ਅਤੇ ਬਰਸੀਮ ਵਿਚ ਮੈਗਨੀਜ਼ ਦੀ ਘਾਟ ਰੇਤਲੀਆਂ ਜ਼ਮੀਨਾਂ ਵਿਚ ਆਮ ਹੀ ਦੇਖੀ ਜਾਂਦੀ ਹੈ, ਜੋ ਇਹਨਾਂ ਫਸਲਾਂ ਦੀ ਪੈਦਾਵਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਜਿਸ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਭੂਮੀ ਵਿਗਿਆਨ ਵਿਭਾਗ (ਲੁਧਿਆਣਾ) ਅਤੇ ਹੋਰ ਥਾਵਾਂ ਤੇ ਸਥਿਤ ਅਦਾਰਿਆਂ ਤੋਂ ਮਿੱਟੀ ਪਰਖ ਲਾਜ਼ਮੀ ਕਰਵਾਉ।**



### ਕਣਕ

**ਨਿਸ਼ਾਨੀਆਂ** : ਬੂਟੇ ਦੇ ਵਿਚਕਾਰਲੇ ਪੱਤਿਆਂ ਦੀਆਂ ਨਾੜੀਆਂ ਦੇ ਦਰਮਿਆਨ ਵਾਲੀ ਥਾਂ ਉੱਤੇ ਹਲਕੇ ਪੀਲੇ ਸਲੇਟੀ ਰੰਗ ਤੋਂ ਗੁਲਾਬੀ ਭੂਰੇ ਰੰਗ ਦੇ ਧੱਬੇ ਹੋਣਾ, ਇਸ ਤੱਤ ਦੀ ਘਾਟ ਦੀਆਂ ਮੁੱਖ ਨਿਸ਼ਾਨੀਆਂ ਹਨ। ਇਹ ਧੱਬੇ ਇਕੱਠੇ ਹੋ ਕੇ ਇਕ ਲੰਮੀ ਧਾਰੀ ਜਾਂ ਗੋਲ ਆਕਾਰ ਧਾਰਨ ਕਰ ਲੈਂਦੇ ਹਨ। ਜੇਕਰ ਘਾਟ ਜ਼ਿਆਦਾ ਹੋਵੇ ਤਾਂ ਬੂਟੇ ਸੁੱਕ ਜਾਂਦੇ ਹਨ। ਮੈਗਨੀਜ਼ ਦੀ ਘਾਟ ਦੀਆਂ ਨਿਸ਼ਾਨੀਆਂ ਹਮੇਸ਼ਾ ਉਪਰਲੇ ਪੱਤਿਆਂ ਤੇ ਦੇਖੀਆਂ ਜਾਂਦੀਆਂ ਹਨ।

**ਰੋਕਥਾਮ ਲਈ ਸਿਫਾਰਿਸ਼** : ਮੈਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਇਕ ਕਿਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ ਵਿਚ ਘੋਲ (0.5% ਮੈਗਨੀਜ਼ ਸਲਫੇਟ) ਕੇ ਇਕ ਛਿੜਕਾਅ ਪਹਿਲੇ ਪਾਣੀ ਤੋਂ 3 ਛਿੜਕਾਅ ਹਫਤੇ-ਹਫਤੇ ਦੇ ਫਰਕ ਨਾਲ ਬਾਅਦ ਵਿਚ ਧੁੱਪ ਵਾਲੇ ਦਿਨਾਂ ਵਿਚ ਕਰੋ। ਮੈਗਨੀਜ਼ ਦੀ ਸਿਰਫ ਸਪਰੇਅ ਹੀ ਕਰੋ, ਇਸਨੂੰ ਮਿੱਟੀ ਵਿਚ ਸਿੱਧਾ ਨਾ ਪਾਉ। ਰੇਤਲੀਆਂ ਜ਼ਮੀਨਾਂ ਵਿਚ ਕਣਕ ਦੀਆਂ ਵਡਾਨਕ ਕਿਸਮਾਂ ਜਿਵੇਂ ਪੀ ਡੀ ਡਬਲਯੂ 291, ਪੀ ਡੀ ਡਬਲਯੂ 233, ਡਬਲਯੂ ਐਚ ਡੀ 943 ਆਦਿ ਨਾ ਬੀਜੋ ਕਿਉਕਿ ਇਹਨਾਂ ਵਿਚ ਘਾਟ ਜ਼ਿਆਦਾ ਆਉਂਦੀ ਹੈ।

### ਬਰਸੀਮ

**ਨਿਸ਼ਾਨੀਆਂ** : ਜਿੱਥੇ ਝੋਨਾ ਵੱਢਣ ਤੋਂ ਬਾਅਦ ਬਰਸੀਮ ਬੀਜੀ ਜਾਂਦੀ ਹੈ, ਉੱਥੇ ਇਸ ਤੱਤ ਦੀ ਘਾਟ ਆਮ ਦੇਖੀ ਜਾ ਸਕਦੀ ਹੈ। ਜਦੋਂ ਫਸਲ ਕੱਟਣ ਲਈ ਤਿਆਰ ਹੋਵੇ ਤਾਂ ਘਾਟ ਦੀਆਂ ਨਿਸ਼ਾਨੀਆਂ ਦੇਖੀਆਂ ਜਾ ਸਕਦੀਆਂ ਹਨ। ਮੈਗਨੀਜ਼ ਦੀ ਘਾਟ ਨਾਲ ਬਰਸੀਮ ਦੇ ਵਿਚਕਾਰਲੀ ਤਣੇ ਦੇ ਪੱਤੇ ਵਿੱਚੋਂ ਸਲੇਟੀ ਤੋਂ ਪੀਲੇ ਰੰਗ ਦੇ ਹੋ ਜਾਂਦੇ ਹਨ ਅਤੇ ਬਾਅਦ ਵਿਚ ਸੁੱਕ ਜਾਂਦੇ ਹਨ। ਪੱਤੇ ਦੀ ਨੋਕ ਅਤੇ ਪੱਤੇ ਦਾ ਤੀਜਾ ਹਿੱਸਾ ਮੁੱਢੋ ਹਰਾ ਰਹਿੰਦਾ ਹੈ। ਅੰਤ ਵਿਚ ਸਾਰਾ ਪੱਤਾ ਸੁੱਕ ਜਾਂਦਾ ਹੈ। ਪੱਤੇ ਤਾ ਰੰਗ ਗੁਲਾਬੀ ਤੋਂ ਭੂਰਾ ਹੋ ਜਾਂਦਾ ਹੈ ਅਤੇ ਅੰਤ ਵਿਚ ਪੱਤਾ ਛਾਨਣੀ ਵਰਗਾ ਹੋ ਜਾਂਦਾ ਹੈ।

**ਰੋਕਥਾਮ ਲਈ ਸਿਫਾਰਿਸ਼** : ਬਰਸੀਮ ਦੀ ਫਸਲ ਵਿਚ ਮੈਗਨੀਜ਼ ਦੀ ਘਾਟ ਆਉਣ ਤੇ 0.5% ਮੈਗਨੀਜ਼ ਸਲਫੇਟ (ਇਕ ਕਿਲੋ ਮੈਗਨੀਜ਼ ਸਲਫੇਟ 200 ਲੀਟਰ ਪਾਣੀ ਵਿਚ) ਦਾ ਘੋਲ ਬਣਾ ਕੇ ਧੁੱਪ ਵਾਲੇ ਦਿਨ ਹਫਤੇ-ਹਫਤੇ ਦੇ ਫਰਕ ਤੇ ਦੋ ਤਿੰਨ ਛਿੜਕਾਅ ਕਰੋ। ਇਕ ਵਾਢੀ ਲੈਣ ਉਪਰੰਤ 2 ਹਫਤੇ ਮਗਰੋਂ ਨਵੇਂ ਫੁਟਾਰੇ ਤੇ ਇਹ ਛਿੜਕਾਅ ਫਿਰ ਕਰੋ।

**ਵਿੱਕੀ ਸਿੰਘ, ਵਿਵੇਕ ਸ਼ਰਮਾ ਅਤੇ ਜਨਪ੍ਰਿਆ ਕੌਰ, ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਈਲ** : 98141-00244

### ਮੌਸਮ ਵਿਭਾਗ ਦੀ ਵਤਾਵਰਣ ਤਬਦੀਲੀ ਨੂੰ ਲੈ ਕੇ ਚਿਤਾਵਨੀ

## ਕਣਕ-ਝੋਨੇ ਦੀ ਪੈਦਾਵਾਰ ਵਿੱਚ ਆ ਸਕਦੀ ਹੈ 6 ਤੋਂ 10 ਫੀਸਦੀ ਗਿਰਾਵਟ

ਵਾਤਾਵਰਣ ਤਬਦੀਲੀ ਦੇਸ਼ ਦੀ ਖੇਤੀ ’ਤੇ ਵੱਡਾ ਅਸਰ ਪਾ ਸਕਦੀ ਹੈ। ਮੌਸਮ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਵਾਤਾਵਰਣ ਤਬਦੀਲੀ ਕਾਰਨ ਭਾਰਤ ਵਿੱਚ ਝੋਨੇ ਅਤੇ ਕਣਕ ਦੀ ਪੈਦਾਵਾਰ ਵਿੱਚ 6 ਤੋਂ 10 ਫੀਸਦੀ ਦੀ ਗਿਰਾਵਟ ਆ ਸਕਦੀ ਹੈ, ਜਿਸ ਨਾਲ ਲੱਖਾਂ ਲੋਕਾਂ ਲਈ ਸਸਤੇ ਭੋਜਨ ਤੱਕ ਪਹੁੰਚ ਪ੍ਰਭਾਵਿਤ ਹੋਵੇਗੀ। ਉਥੇ ਹੀ ਵਾਤਾਵਰਣ ਤਬਦੀਲੀ ਕਾਰਨ ਸਮੁੰਦਰ ਦਾ ਪਾਣੀ ਗਰਮ ਹੋ ਗਿਆ ਹੈ, ਜਿਸ ਕਾਰਨ ਮੱਛੀਆਂ ਡੂੰਘੇ ਸਮੁੰਦਰ ਵਿੱਚ ਠੰਢੇ ਪਾਣੀ ਵਿੱਚ ਜਾ ਰਹੀ ਹੈ। ਇਸ ਦਾ ਅਸਰ ਮਛੇਰੇ ਭਾਈਚਾਰੇ ’ਤੇ ਵੀ ਪਿਆ ਹੈ। ਭਾਰਤ ਮੌਸਮ ਵਿਗਿਆਨ ਵਿਭਾਗ (ਆਈ. ਐਮ. ਡੀ.) ਦੇ ਮਹਾਨਿਰਦੇਸ਼ਕ ਮਰਤਿਉਂਜੈ ਮਹਾਪਾਤਰ ਨੇ ਕਿਹਾ ਕਿ ਵਾਤਾਵਰਣ ਤਬਦੀਲੀ ਨਾਲ ਕਣਕ ਅਤੇ ਚੌਲਾਂ ਦੀ ਫ਼ਸਲ ਵਿੱਚ ਕਮੀ ਆਵੇਗੀ, ਜਿਸ ਦਾ ਦੇਸ਼ ਦੇ ਕਿਸਾਨਾਂ ਅਤੇ ਖੁਰਾਕ ਸੁਰੱਖਿਆ ’ਤੇ ਮਹੱਤਵਪੂਰਨ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਗਲੋਬਲ ਵਾਰਮਿੰਗ ਕਾਰਨ ਪੱਛਮੀ ਦਬਾਅ ਦੀ ਬਾਰੰਬਾਰਤਾ ਅਤੇ ਤੀਬਰਤਾ ਵੀ ਘੱਟ ਹੋ ਰਹੀ ਹੈ। ਇਸ ਨਾਲ ਵੀ ਮੌਸਮ ਪ੍ਰਣਾਲੀ ਵਿੱਚ ਬਦਲਾਅ ਆ ਰਿਹਾ ਹੈ। ਭੂ-ਵਿਗਿਆਨ ਮੰਤਰਾਲੇ ਦੇ ਸਕੱਤਰ ਐਮ. ਰਵਿਚੰਦਰਨ ਨੇ ਕਿਹਾ ਕਿ ਗਲੋਬਲ ਵਾਰਮਿੰਗ ਨਾਲ ਨੇੜਲੇ ਭਵਿੱਖ ਵਿੱਚ ਹਿਮਾਲਿਆ ਅਤੇ ਉਸ ਦੇ ਹੇਠਾਂ ਦੇ ਮੈਦਾਨੀ ਇਲਾਕਿਆਂ ਵਿੱਚ ਰਹਿਣ ਵਾਲੇ ਕਰੋੜਾਂ ਲੋਕਾਂ ਲਈ ਪਾਣੀ ਦਾ ਗੰਭੀਰ ਸੰਕਟ ਪੈਦਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਇੰਸਟੀਚਿਊਟ ਆਫ ਇਨੋਵੇਸ਼ਨ ਇਨ ਕਲਾਈਮੇਟ ਰੈਜ਼ੀਲੈਂਟ ਐਗਰੀਕਲਚਰ (ਨਿਕਰਾ) ਅਨੁਸਾਰ ਸਾਲ 2100 ਤੱਕ ਭਾਰਤ ਵਿੱਚ ਕਣਕ ਦੀ ਪੈਦਾਵਾਰ ਵਿੱਚ 6 ਤੋਂ 25 ਫੀਸਦੀ ਤੱਕ ਦੀ ਗਿਰਾਵਟ ਆਉਣ ਦਾ ਅਨੁਮਾਨ ਹੈ। ਇਸ ਦੇ ਨਾਲ ਹੀ ਚੌਲਾਂ ਦਾ ਉਤਪਾਦਨ 2050 ਤੱਕ ਸੱਤ ਫੀਸਦੀ ਅਤੇ 2080 ਤੱਕ 10 ਫੀਸਦੀ ਤੱਕ ਘੱਟ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਮੁੰਦਰੀ ਤਾਪਮਾਨ ਵਧਣ ਕਾਰਨ ਤੱਟ ਨੇੜੇ ਮੱਛੀਆਂ ਫੜਨ ਦੀ ਮਾਤਰਾ ਵੀ ਘੱਟ ਰਹੀ ਹੈ।



ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ
ਮਾਰਚ 2025 ਵਿੱਚ ਲਗਾਏ ਜਾ ਰਹੇ
ਕਿਸਾਨ ਮੇਲੇ
ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ
ਦੋ ਰੋਜ਼ਾ ਕਿਸਾਨ ਮੇਲਾ 21 ਅਤੇ 22 ਮਾਰਚ

ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) 5 ਮਾਰਚ (ਬੁੱਧਵਾਰ)
ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) 7 ਮਾਰਚ (ਸ਼ੁੱਕਰਵਾਰ)
ਫਰੀਦਕੋਟ 11 ਮਾਰਚ (ਮੰਗਲਵਾਰ)
ਗੁਰਦਾਸਪੁਰ 13 ਮਾਰਚ (ਵੀਰਵਾਰ)
ਬਠਿੰਡਾ 18 ਮਾਰਚ (ਮੰਗਲਵਾਰ)
ਰੌਣੀ (ਪਟਿਆਲਾ) 25 ਮਾਰਚ (ਮੰਗਲਵਾਰ)

ਤਿੰਨ ਰੋਜ਼ਾ ਪੂਸਾ ਕ੍ਰਿਸ਼ੀ ਵਿਗਿਆਨ ਕਿਸਾਨ ਮੇਲਾ, ਦਿੱਲੀ ਵਿਖੇ 24 ਤੋਂ 26 ਫਰਵਰੀ ਤੱਕ

# ਸੂਰਜਮੁਖੀ ਦੀ ਸਫਲ ਕਾਸ਼ਤ ਕਿਵੇਂ ਕਰੀਏ

**ਅਮਿਤ ਸਲਾਰੀਆ, ਰੀਤੂਰਾਜ ਅਤੇ ਜੀ ਐਸ ਮੱਕੜ, ਡਾਇਰੈਕਟੋਰੇਟ ਪਸਾਰ ਸਿੱਖਿਆ, ਪੀ. ਏ. ਯੂ., ਲੁਧਿਆਣਾ ਮੋਬਾਇਲ : 94171-88183**

ਦੇਸ਼ ਵਿਚ ਖਾਣ ਵਾਲੇ ਤੇਲ ਦੀ ਘਾਟ ਦੀ ਪੂਰਤੀ ਲਈ ਸੂਰਜਮੁਖੀ ਦੀ ਫਸਲ ਇਕ ਅਹਿਮ ਭੂਮਿਕਾ ਨਿਭਾ ਸਕਦੀ ਹੈ। ਸੂਰਜਮੁਖੀ ਦਾ ਤੇਲ ਘੱਟ ਕੋਲੈਸਟਰੋਲ ਅਤੇ ਵਧੀਆਂ ਕੁਆਲਿਟੀ ਦਾ ਹੁੰਦਾ ਹੈ ਜੋ ਕਿ ਖਾਣ ਵਾਲਾ ਸੋਧਿਆ ਤੇਲ ਅਤੇ ਬਨਸਪਤੀ ਬਣਾਉਣ ਲਈ ਬਹੁਤ ਢੁੱਕਵਾਂ ਹੈ। ਇਸ ਫਸਲ ਤੋਂ ਵੱਧ ਝਾੜ ਅਤੇ ਮੁਨਾਫਾ ਲੈਣ ਲਈ ਹੇਠ ਦੱਸੇ ਨੁਕਤੇ ਅਪਣਾਓ।

★ ਬਿਜਾਈ ਲਈ ਦੋਗਲੀਆਂ ਕਿਸਮਾਂ, ਪੀ ਐਸ ਐਚ 2080 ਅਤੇ ਪੀ ਐਸ ਐਚ 1962 ਨੂੰ ਤਰਜੀਹ ਦਿਓ। ਇਹ ਦੋਗਲੀਆਂ ਕਿਸਮਾਂ ਦਰਮਿਆਨੇ ਕੱਦ ਦੀਆਂ ਹਨ, ਪੱਕਣ ਵਿਚ ਘੱਟ ਸਮਾਂ ਲੈਂਦੀਆਂ ਹਨ ਅਤੇ ਇਨ੍ਹਾਂ ਵਿਚ ਤੇਲ ਦੀ ਮਾਤਰਾ ਵੱਧ ਹੈ।

★ ਵਧੇਰੇ ਝਾੜ ਲੈਣ ਲਈ ਪਾਣੀ ਦੀ ਬੱਚਤ ਲਈ ਸੂਰਖਮੁਖੀ ਦੀ ਬਿਜਾਈ ਜਨਵਰੀ ਮਹੀਨੇ ਦੇ ਅਖੀਰ ਤੱਕ ਕਰੋ।

| ਦੋਗਲੀਆਂ ਕਿਸਮਾਂ | ਝਾੜ (ਕੁਇੰਟਲ/ਏਕੜ) | ਪੱਕਣ ਲਈ ਸਮਾਂ (ਦਿਨ) | ਬੀਜ ਵਿਚ ਤੇਲ ਦੀ ਮਾਤਰਾ (%) |
|---|---|---|---|
| ਪੀ ਐਸ ਐਚ 2080 | 9.8 | 97 | 43.7 |
| ਪੀ ਐਸ ਐਚ 1962 | 8.2 | 99 | 41.9 |

ਜੇਕਰ ਸੂਰਜਮੁਖੀ ਦੀ ਬਿਜਾਈ ਫਰਵਰੀ ਤੱਕ ਪਛੇਤੀ ਹੁੰਦੀ ਜਾਪੇ ਤਾਂ ਇਸ ਦੀ ਕਾਸ਼ਤ ਪਨੀਰੀ ਰਾਹੀਂ ਕਰੋ।

★ ਬਿਜਾਈ ਲਈ ਦੋ ਕਿਲੋ ਬੀਜ ਪ੍ਰਤੀ ਏਕੜ ਦੀ ਵਰਤੋਂ ਕਰੋ। ਬਿਜਾਈ ਤੋਂ ਪਹਿਲਾਂ ਬੀਜ ਨੂੰ 6 ਗ੍ਰਾਮ ਟੈਗਰਾਨ 35 ਡਬਲਯੂ ਐਸ (ਮੈਟਾਲੈਕਸਲ) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ।

★ ਬਿਜਾਈ ਦੌਰਾਨ ਕਤਾਰਾਂ ਵਿਚਕਾਰ ਫਾਸਲਾ 60 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 30 ਸੈਂਟੀਮੀਟਰ ਰੱਖੋ। ਅਗੇਤੀ ਫਸਲ ਨੂੰ ਜੇ ਪੂਰਬ-ਪੱਛਮ ਦਿਸ਼ਾ ਵਾਲੀਆਂ ਵੱਟਾ ਦੇ ਦੱਖਣ ਵਾਲੇ ਪਸੇ ਬੀਜਿਆ ਜਾਵੇ ਤਾਂ ਵੱਧ ਝਾੜ



ਪ੍ਰਾਪਤ ਕੀਤਾ ਜਾ ਸਕਦਾ ਹੈ। ਬੀਜ ਨੂੰ ਵੱਟ ਦੇ ਸਿਰੇ ਤੋਂ 6-8 ਸੈਂਟੀਮੀਟਰ ਹੇਠਾਂ ਬੀਜੋ। ਵੱਟ ਤੇ ਬੀਜੀ ਫਸਲ ਨੂੰ ਬਿਜਾਈ ਤੋਂ 2-3 ਦਿਨਾਂ ਪਿਛੋਂ ਪਾਣੀ ਦਿਓ। ਧਿਆਨ ਰੱਖੋ ਕਿ ਪਾਣੀ ਦੀ ਸਤ੍ਹਾ ਬੀਜਾਂ ਤੋਂ ਕਾਫੀ ਥੱਲੇ ਰਹੇ।

★ ਸੂਰਜਮੁਖੀ ਨੂੰ 24 ਕਿਲੋ ਨਾਈਟ੍ਰੋਜਨ (50 ਕਿਲੋ ਯੂਰੀਆ) ਅਤੇ 12 ਕਿਲੋ ਫਾਸਫੋਰਸ (75 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਬਿਜਾਈ ਸਮੇਂ ਪਾਓ। ਹਲਕੀਆਂ ਜ਼ਮੀਨਾਂ ਵਿਚ 24 ਕਿਲੋ ਨਾਈਟ੍ਰੋਜਨ (50 ਕਿਲੋ ਯੂਰੀਆ) ਦੋ ਬਰਾਬਰ ਹਿੱਸਿਆਂ ਵਿਚ ਪਾਓ। ਪਹਿਲਾਂ ਬਿਜਾਈ ਸਮੇਂ ਅਤੇ ਦੂਸਰਾ ਹਿੱਸਾ ਬਿਜਾਈ ਤੋਂ 30 ਦਿਨਾਂ ਪਿਛੋਂ ਵਰਤੋਂ। ਜੇ ਮਿੱਟੀ ਦੀ ਪਰਖ ਮੁਤਾਬਕ ਪੋਟਾਸ਼ ਦੀ ਕਮੀ ਹੈ ਤਾਂ 12 ਕਿਲੋ ਪੋਟਾਸ਼ (20 ਕਿਲੋ ਮਿਊਰੇਟ ਆਫ ਪੋਟਾਸ਼) ਵੀ ਡਰਿੱਲ ਕਰ ਦਿਓ। ਹੁਸ਼ਿਆਰਪੁਰ, ਰੂਪਨਗਰ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿਚ 24 ਕਿਲੋ ਪੋਟਾਸ਼ (40 ਕਿਲੋ ਮਿਊਰੇਟ ਆਫ ਪੋਟਾਸ਼) ਦੀ ਵਰਤੋਂ ਕਰੋ। ਸੁਪਰਫਾਸਫੇਟ ਖਾਦ ਨੂੰ ਤਰਜੀਹ ਦਿਓ ਕਿਉਂਕਿ ਇਸ ਵਿਚ ਸਲਫਰ (ਗੰਧਕ) ਤੱਤ ਵੀ ਹੁੰਦਾ ਹੈ।

★ ਤੋਰੀਆ ਤੋਂ ਬਾਅਦ ਬੀਜੇ ਸੂਰਜਮੁਖੀ ਤੋਂ ਵੱਧ ਝਾੜ ਲੈਣ ਲਈ ਸੂਰਜਮੁਖੀ ਨੂੰ ਸਿਫਾਰਸ਼ ਖਾਦਾਂ ਦੇ ਨਾਲ 10 ਟਨ ਪ੍ਰਤੀ ਏਕੜ ਗਲੀ ਸੜੀ ਰੂੜੀ ਪਾਉਣੀ ਜ਼ਰੂਰੀ ਹੈ। ਜੇਕਰ ਦੋਗਲੀ ਸੂਰਜਮੁਖੀ ਦੀ ਫਸਲ ਆਲੂਆਂ ਤੋਂ ਪਿਛੋਂ ਬੀਜੀ ਜਾਵੇ ਜਿਸਨੂੰ 20 ਟਨ ਰੂੜੀ ਪ੍ਰਤੀ ਏਕੜ ਪਾਈ ਗਈ ਹੋਵੇ ਤਾਂ ਸੂਰਜਮੁਖੀ ਨੂੰ 12 ਕਿਲੋ ਨਾਈਟ੍ਰੋਜਨ (25 ਕਿਲੋ ਯੂਰੀਆ) ਪ੍ਰਤੀ ਏਕੜ ਪਾਉਣ ਦੀ ਜ਼ਰੂਰਤ ਹੈ।

★ ਪੱਧਰੀ ਬਿਜਾਈ ਲਈ ਪਹਿਲਾ ਪਾਣੀ ਬਿਜਾਈ ਤੋਂ ਇਕ ਮਹੀਨੇ ਬਾਅਦ ਅਤੇ ਅਗਲੀਆਂ ਸਿੰਚਾਈਆਂ 2 ਤੋਂ 3 ਹਫਤੇ ਦੇ ਅੰਤਰ ਤੇ ਕਰੋ। ਮਾਰਚ ਦੇ ਮਹੀਨੇ 2 ਹਫਤਿਆਂ ਦਾ ਵਕਫਾ ਕਰ ਦਿਓ। ਅਪ੍ਰੈਲ-ਮਈ ਵਿਚ ਸਿੰਚਾਈਆਂ



8-10 ਦਿਨਾਂ ਦੇ ਵਕਫੇ ਤੇ ਕਰੋ। ਫਸਲ ਕੱਟਣ ਤੋਂ 12-14 ਦਿਨ ਪਹਿਲਾਂ ਪਾਣੀ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ। ਫਸਲ ਨੂੰ 50% ਫੁੱਲ ਪੈਣ ਸਮੇਂ, ਦਾਣਿਆਂ ਦੇ ਨਰਮ ਅਤੇ ਸਖਤ ਦੋਧੇ ਸਮੇਂ ਤੇ ਸਿੰਚਾਈ ਅਤਿ ਜ਼ਰੂਰੀ ਹੈ।

★ ਵੱਧ ਝਾੜ, ਪਾਣੀ ਅਤੇ ਖਾਦਾਂ ਦੀ ਬੱਚਤ ਲਈ ਤੁਪਕਾ ਸਿੰਚਾਈ ਵਿਧੀ ਅਪਨਾਓ।

★ ਭੱਬੂ ਕੁੱਤੇ ਦੀ ਰੋਕਥਾਮ ਲਈ 300 ਮਿਲੀਲਿਟਰ ਪ੍ਰਤੀ ਏਕੜ ਸੁਪਰਕਿਲਰ 10 ਈ ਸੀ (ਸਾਈਪਰ-ਮੈਥਰੀਨ) ਦਾ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਛਿੜਕਾਅ ਹਮੇਸ਼ਾ ਦੁਪਹਿਰ ਬਾਦ ਹੀ ਕਰਨਾ ਚਾਹੀਦਾ ਹੈ ਕਿਉਂਕਿ ਇਸ ਵੇਲੇ ਸ਼ਹਿਦ ਵਿਚ ਮੱਖੀਆਂ, ਹੋਰ ਪਰ-ਪ੍ਰਾਗਣ ਕਰਨ ਵਾਲੇ ਕੀੜੇ ਅਤੇ ਮਿੱਤਰ ਕੀੜੇ ਘੱਟ ਹਰਕਤ ਵਿਚ ਹੁੰਦੇ ਹਨ।

★ ਜਿਨ੍ਹਾਂ ਖੇਤਾ ਵਿਚ ਕੱਟ ਵਰਮ/ਚੋਰ ਕੀੜੇ ਦੀ ਸਮੱਸਿਆ ਜ਼ਿਆਦਾ ਹੋਵੇ (ਖਾਸ ਕਰਕੇ ਆਲੂਆਂ ਪਿੱਛੋਂ ਬੀਜੀ ਫਸਲ ਤੇ), ਉਨ੍ਹਾਂ ਖੇਤਾਂ ਵਿਚ ਵੱਟਾਂ ਤੇ ਬਿਜਾਈ ਨੂੰ ਤਰਜ਼ੀਹ ਦਿਓ।

★ ਤਣੇ ਦੇ ਗਾਲੇ ਦੀ ਰੋਕਥਾਮ ਲਈ ਬਿਮਾਰੀ ਰਹਿਤ ਬੀਜ ਦੀ ਵਰਤੋਂ ਕਰੋ।

★ ਫਸਲ ਨੂੰ ਹਾਨੀਕਾਰਕ ਪੰਛੀਆਂ ਖਾਸ ਕਰਕੇ ਤੋਤੇ ਅਤੇ ਕਾਵਾਂ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ।

# ਸਬਜ਼ੀਆਂ ਨੂੰ ਕੋਰੇ ਤੋਂ ਬਚਾਉਣ ਦੇ ਤਰੀਕੇ

**ਜਤਿੰਦਰ ਕੌਰ ਅਤੇ ਨਵੀਨ ਗਰਗ, ਖੇਤਰੀ ਖੋਜ ਕੇਂਦਰ, ਬਠਿੰਡਾ ਮੋਬਾਇਲ : 94635-20006**

**ਕੋਰਾ ਬਹੁਤ ਸਾਰੀਆਂ ਸਬਜ਼ੀਆਂ ਦਾ ਨੁਕਸਾਨ ਕਰਦਾ ਹੈ ਪ੍ਰੰਤੂ ਕੁਝ ਸਬਜ਼ੀਆਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਹਨ, ਜਿਵੇਂ ਕਿ ਆਲੂ, ਟਮਾਟਰ, ਮਿਰਚ, ਸ਼ਿਮਲਾ ਮਿਰਚ, ਬੈਂਗਣ, ਮਟਰ ਅਤੇ ਕੱਦੂ ਜਾਤੀ ਦੀਆਂ ਅਗੇਤੀਆਂ ਬੀਜੀਆਂ ਸਬਜ਼ੀਆਂ।**

**ਕੋਰੇ ਤੋਂ ਬਚਾਅ ਲਈ ਢੰਗ-ਤਰੀਕੇ** : ਕੋਰੇ ਤੋਂ ਸਬਜ਼ੀਆਂ ਨੂੰ ਬਚਾਉਣ ਲਈ ਹੇਠ ਲਿਖੇ ਢੰਗ-ਤਰੀਕੇ ਵਰਤੇ ਜਾ ਸਕਦੇ ਹਨ :



**1. ਬਿਜਾਈ/ਪਨੀਰੀ ਲਗਾਉਣ ਦਾ ਢੰਗ** : ਜਿਹੜੀਆਂ ਸਬਜ਼ੀਆਂ ਵੱਟਾਂ 'ਤੇ ਲਗਾਈਆਂ ਜਾਂਦੀਆਂ ਹਨ ਉਨ੍ਹਾਂ ਦੀਆਂ ਵੱਟਾਂ ਪੂਰਬ-ਪੱਛਮ ਦਿਸ਼ਾ ਵਿੱਚ ਬਣਾਈਆਂ ਜਾਣ ਅਤੇ ਬਿਜਾਈ ਦੱਖਣ ਵਾਲੇ ਪਾਸੇ ਕੀਤੀ ਜਾਵੇ ਤਾ ਜੋ ਵੱਧ ਤੋਂ ਵੱਧ ਸੂਰਜ ਦੀਆਂ ਕਿਰਨਾਂ ਪੈਣ ਨਾਲ ਬੂਟਿਆਂ ਦੇ ਆਲੇ-ਦੁਆਲੇ ਦਾ ਤਾਪਮਾਨ ਵਧਿਆ ਰਹੇ ਅਤੇ ਉਹ ਕੋਰ੍ਹੇ ਤੋਂ ਬਚੇ ਰਹਿਣ।

**2. ਬਿਜਾਈ ਦੇ ਸਹੀ ਸਮੇਂ ਦੀ ਚੋਣ** : ਸਬਜ਼ੀਆਂ ਦੀ ਬਿਜਾਈ ਸਹੀ ਸਮੇਂ ਤੇ ਕਰਨੀ ਚਾਹੀਦੀ ਹੈ। ਪਿਛੇਤੀ ਬੀਜੀ ਸਬਜ਼ੀ ਦੇ ਮੁਕਾਬਲੇ ਸਹੀ ਸਮੇਂ ਤੇ ਬੀਜੀ ਸਬਜ਼ੀ ਦਾ ਕੋਰੇ ਨਾਲ ਘੱਟ ਨੁਕਸਾਨ ਹੁੰਦਾ ਹੈ।

**3. ਗੋਡੀ** : ਜਿਨ੍ਹਾਂ ਦਿਨਾਂ ਵਿੱਚ ਕੋਰ੍ਹਾ ਪੈਣ ਦਾ ਖਤਰਾ ਹੋਵੇ, ਉਹਨਾਂ ਦਿਨਾਂ ਵਿਚ ਗੋਡੀ ਨਹੀਂ ਕਰਨੀ ਚਾਹੀਦੀ ਤਾਂ ਜੋ ਬੂਟਿਆਂ ਦੇ ਆਲੇ-ਦੁਆਲੇ ਦੀ ਮਿੱਟੀ ਦੇ ਮੁਸਾਮ ਬੰਦ ਰਹਿਣ ਜੋ ਕਿ ਬੂਟਿਆਂ ਨੂੰ ਕੋਰੇ ਤੋਂ ਬਚਾਉਣ ਵਿਚ ਸਹਾਈ ਹੋਵੇਗਾ।

**4. ਸਰਕੰਡੇ ਦਾ ਸ਼ੌਰਾ ਕਰਨਾ** : ਸਰਦੀ ਦੇ ਮੌਸਮ ਵਿਚ ਸਬਜ਼ੀਆਂ ਨੂੰ ਉੱਤਰ-ਪੱਛਮ ਦਿਸ਼ਾ ਤੋਂ ਸਰਕੰਡੇ ਦਾ ਸ਼ੋਰਾ ਇਸ ਤਰ੍ਹਾਂ ਕੀਤਾ ਜਾਵੇ ਕਿ ਦੱਖਣ ਵਾਲੇ ਪਾਸੇ ਤੋਂ ਬੂਟਿਆਂ ਨੂੰ ਧੁੱਪ ਪੈਂਦੀ ਰਹੇ। ਇਸ ਤਰ੍ਹਾਂ ਕਰਨ ਨਾਲ ਬੂਟਿਆਂ ਦੇ ਆਲੇ-ਦੁਆਲੇ ਦਾ ਤਾਪਮਾਨ ਥੋੜ੍ਹਾ ਵਧਿਆ ਰਹੇਗਾ ਅਤੇ ਬੂਟੇ ਕੋਰੇ ਦਾ ਮਾੜਾ ਪ੍ਰਭਾਵ ਤੋਂ ਬਚੇ ਰਹਿਣਗੇ।

**5. ਪਲਾਸਟਿਕ ਮਲਚਿੰਗ** : ਸਬਜ਼ੀਆਂ ਵਿਚ ਜੇਕਰ ਸਿਲਵਰ-ਕਾਲੀ ਜਾਂ ਕਾਲੀ ਪਲਾਸਟਿਕ ਦੀ ਸ਼ੀਟ (25 ਮਾਈਕ੍ਰੋਨ ਮੋਟੀ) ਨਾਲ ਮਲਚਿੰਗ ਕੀਤੀ ਜਾਵੇ ਤਾਂ ਜ਼ਮੀਨ ਦਾ ਤਾਪਮਾਨ ਕੁਝ ਡਿਗਰੀ ਸੈਂਟੀਗ੍ਰੇਡ ਵੱਧ ਜਾਂਦਾ ਹੈ ਅਤੇ ਬੂਟੇ ਕੋਰੇ ਦੇ ਮਾੜੇ ਪ੍ਰਭਾਵ ਤੋਂ ਬਚੇ ਰਹਿੰਦੇ ਹਨ।

**6. ਨੀਵੀਆਂ ਸੁਰੰਗਾਂ ਵਾਲੀ ਵਿਧੀ** : ਇਸ ਤਕਨੀਕ ਵਿਚ ਬੂਟਿਆਂ ਦੀਆਂ ਕਤਾਰਾਂ ਨੂੰ ਪਾਰਦਰਸ਼ੀ ਪਲਾਸਟਿਕ ਸ਼ੀਟ (50 ਮਾਈਕ੍ਰੋਨ ਮੋਟੀ) ਨਾਲ ਢਕਿਆ ਜਾਂਦਾ ਹੈ ਜਿਸ ਨਾਲ ਉਨ੍ਹਾਂ ਦੇ ਆਲੇ-ਦੁਆਲੇ ਦਾ ਤਾਪਮਾਨ ਵੱਧ ਜਾਂਦਾ ਹੈ। ਇਹ ਤਕਨੀਕ ਗਰਮ ਰੁੱਤ ਦੀਆਂ ਸਬਜ਼ੀਆਂ ਨੂੰ ਅਗੇਤੀ ਉਗਾਉਣ ਲਈ ਕੀਤੀ ਜਾਂਦੀ ਹੈ ਅਤੇ ਇਸ ਨਾਲ ਸਬਜ਼ੀਆਂ ਦੀ ਤੁੜਾਈ ਮੁੱਖ ਮੌਸਮ ਵਿਚ ਬੀਜੀ ਸਬਜ਼ੀ ਨਾਲੋਂ 30-45 ਦਿਨ ਅਗੇਤੀ ਲਈ ਜਾ ਸਕਦੀ ਹੈ। ਵੱਖ-ਵੱਖ ਸਬਜ਼ੀਆਂ ਜਿਵੇਂ ਕਿ ਖੀਰਾ, ਸ਼ਿਮਲਾ ਮਿਰਚ, ਮਿਰਚ, ਟਮਾਟਰ, ਖਰਬੂਜਾ ਅਤੇ ਬੈਂਗਣ ਨੂੰ ਨੀਵੀਆਂ ਸੁਰੰਗਾਂ ਵਾਲੀ ਤਕਨੀਕ ਨਾਲ ਕਾਸ਼ਤ



ਕੀਤਾ ਜਾ ਸਕਦਾ ਹੈ।

**7. ਹਲਕੀ ਸਿੰਚਾਈ** : ਹਲਕੀ ਸਿੰਚਾਈ ਸਬਜ਼ੀਆਂ ਨੂੰ ਕੋਰ੍ਹੇ ਦੇ ਪ੍ਰਭਾਵ ਤੋਂ ਬਚਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ। ਕੋਰੇ ਤੋਂ ਬਚਣ ਲਈ ਭੂਮੀ ਨੂੰ ਗਿੱਲਾ ਰੱਖਣਾ ਚਾਹੀਦਾ ਹੈ। ਦਿਨ ਤੇ ਸਮੇਂ ਪੈਣ ਵਾਲੀਆਂ ਸੂਰਜ ਦੀਆਂ ਕਿਰਨਾਂ ਸੁੱਕੀ ਮਿੱਟੀ ਦੇ ਮੁਕਾਬਲੇ ਗਿੱਲੀ ਮਿੱਟੀ ਨੂੰ ਜਲਦੀ ਗਰਮ ਕਰਦੀਆਂ ਹਨ। ਦਿਨ ਸਮੇਂ ਵਧਿਆ ਹੋਇਆ ਮਿੱਟੀ ਦਾ ਤਾਪਮਾਨ ਰਾਤ ਸਮੇਂ ਬੂਟਿਆਂ ਨੂੰ ਕੋਰੇ ਤੋਂ ਬਚਾਉਣ ਵਿਚ ਸਹਾਈ ਹੁੰਦਾ ਹੈ। ਇਸ ਕਰਕੇ ਜਦੋਂ ਕੋਰਾ ਪੈਣ ਦਾ ਖਤਰਾ ਹੋਵੇ ਤਾਂ ਸਬਜ਼ੀਆਂ ਦੇ ਖੇਤਾਂ ਨੂੰ ਹਲਕਾ ਪਾਣੀ ਲਗਾ ਦੇਣਾ ਚਾਹੀਦਾ ਹੈ।

**8. ਧੂੰਏਂ ਦੇ ਬੱਦਲ ਬਣਾਉਣੇ** : ਇਸ ਤਰੀਕੇ ਵਿਚ ਸੁੱਕੀ ਰਹਿੰਦ-ਖੂੰਹਦ, ਸੁੱਕੀਆਂ ਲੱਕੜਾਂ, ਘਾਹ, ਸੁੱਕੇ ਪੱਤਿਆਂ ਦੇ ਢੇਰ ਤਿਆਰ ਕੀਤੇ ਜਾਂਦੇ ਹਨ ਅਤੇ ਸ਼ਾਮ ਸਮੇਂ ਢੇਰ ਨੂੰ ਅੱਗ ਲਗਾ ਕੇ ਹੌਲੀ-ਹੌਲੀ ਧੂੰਆਂ ਪੈਦਾ ਕੀਤਾ ਜਾਂਦਾ ਹੈ ਤਾਂ ਜੋ ਬੂਟਿਆਂ ਦੇ ਆਲੇ-ਦੁਆਲੇ ਦਾ ਤਾਪਮਾਨ ਵਧਾਇਆ ਜਾ ਸਕੇ। ਇਸ ਤਰ੍ਹਾਂ ਕਰਨ ਨਾਲ ਬੂਟਿਆਂ ਦੇ ਆਲੇ-ਦੁਆਲੇ ਦਾ ਤਾਪਮਾਨ ਵਧਾ ਕੇ ਇਨ੍ਹਾਂ ਨੂੰ ਕੋਰੇ ਦੇ ਮਾੜੇ ਪ੍ਰਭਾਵ ਤੋਂ ਬਚਾਇਆ ਜਾ ਸਕਦਾ ਹੈ।

# ਹਾੜ੍ਹੀ ਦੀਆਂ ਮੁੱਖ ਫਸਲਾਂ ਵਿੱਚ ਸਿੰਚਾਈ ਪ੍ਰਬੰਧਨ



ਜਗਮਨਜੋਤ ਸਿੰਘ ਮਾਨ
ਅਤੇ ਸਤਬੀਰ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ ਰੋਪੜ
(ਮੋ. 94929-00307)

ਪੰਜਾਬ ਵਿਚ ਹਾੜ੍ਹੀ ਦੀਆਂ ਮੁੱਖ ਫਸਲਾਂ ਦੀ ਲਗਭਗ ਸਾਰੀ ਬਿਜਾਈ ਪੂਰੀ ਹੋ ਚੁੱਕੀ ਹੈ। ਇਸ ਤੋਂ ਬਾਅਦ ਫਸਲ ਦਾ ਪੂਰਾ ਵਾਧਾ ਅਤੇ ਝਾੜ ਲੈਣ ਲਈ ਸਮੇਂ ਸਿਰ ਸਿੰਚਾਈ ਪ੍ਰਬੰਧਨ ਕਰਨਾ ਬਹੁਤ ਜ਼ਰੂਰੀ ਹੈ।

**ਕਣਕ** : ਕਣਕ ਦੀ ਫਸਲ ਨੂੰ ਪਹਿਲਾ ਪਾਣੀ ਹਲਕਾ ਦਿਓ। ਅਕਤੂਬਰ ਵਿਚ ਬੀਜੀ ਫਸਲ ਨੂੰ ਬਿਜਾਈ ਤੋਂ ਤਿੰਨ ਹਫਤੇ ਬਾਅਦ ਅਤੇ ਇਸ ਤੋਂ ਪਿੱਛੋਂ ਬੀਜੀ ਫਸਲ ਨੂੰ ਚਾਰ ਹਫਤੇ ਬਾਅਦ ਪਾਣੀ ਦਿਓ। ਹਲਕੀਆਂ ਜ਼ਮੀਨਾਂ ਵਿਚ ਪਹਿਲੀ ਸਿੰਚਾਈ ਕੁਝ ਅਗੇਤੀ ਅਤੇ ਭਾਰੀਆਂ ਜ਼ਮੀਨਾਂ ਜਾਂ ਝੋਨੇ ਵਾਲੀਆਂ ਜ਼ਮੀਨਾਂ ਵਿਚ ਪਛੇਤੀ ਕਰ ਦਿਓ। ਇਸ ਤੋਂ ਬਾਅਦ ਦੇ ਪਾਣੀ ਕਣਕ ਦੀ ਬਿਜਾਈ ਦੇ ਸਮੇਂ ਨਾਲ ਸੰਬੰਧਤ ਹਨ। ਹਰ ਇਕ ਸੈਂਟੀਮੀਟਰ ਵਰਖਾ ਪਿੱਛੋਂ ਪਹਿਲਾ ਪਾਣੀ ਜਨਵਰੀ ਦੇ ਅਖੀਰ ਤੱਕ 5 ਦਿਨ ਪਛੇਤਾ ਅਤੇ ਜਨਵਰੀ ਤੋਂ ਬਾਅਦ ਦੋ ਦਿਨ ਤੱਕ ਪਛੇਤਾ ਕਰ ਦਿਓ। ਸਮੇਂ ਸਿਰ ਬੀਜੀ ਕਣਕ ਨੂੰ ਦਾਣੇ ਪੈਣ ਵੇਲੇ ਤਾਪਮਾਨ ਦੇ ਲੋੜ ਤੋਂ ਜ਼ਿਆਦਾ ਵਾਧੇ ਤੋਂ ਬਚਾਉਣ ਲਈ ਮੀਂਹ ਨੂੰ ਧਿਆਨ ਵਿਚ ਰੱਖਦੇ ਹੋਏ ਮਾਰਚ ਦੇ ਅਖੀਰ ਤੱਕ ਪਾਣੀ ਲਾਓ। ਪੰਜ ਦਸੰਬਰ ਤੋਂ ਬਾਅਦ ਬੀਜੀ ਗਈ ਫਸਲ ਨੂੰ 10 ਅਪ੍ਰੈਲ ਤੱਕ ਪਾਣੀ ਲਾਉਂਦੇ ਰਹੋ।

**ਤੋਰੀਆ, ਰਾਇਆ, ਸਰ੍ਹੋਂ ਅਤੇ ਤਾਰਾਮੀਰਾ-** : ਤੋਰੀਆ ਨੂੰ ਜ਼ਰੂਰਤ ਅਨੁਸਾਰ ਫੁੱਲ ਪੈਣ ਸਮੇਂ ਇਕ ਸਿੰਚਾਈ ਕੀਤੀ ਜਾ ਸਕਦੀ ਹੈ। ਜੇ ਰਾਇਆ, ਗੋਭੀ ਸਰ੍ਹੋ ਅਤੇ ਅਫਰੀਕਨ ਸਰ੍ਹੋਂ ਦੀ ਬਿਜਾਈ ਭਾਰੀ ਰੌਣੀ ਤੋਂ ਬਾਅਦ ਕੀਤੀ ਗਈ ਹੋਵੇ ਤਾਂ ਪਹਿਲੀ ਸਿੰਚਾਈ ਤਿੰਨ ਤੋਂ ਚਾਰ ਹਫਤੇ ਬਾਅਦ ਕਰਨੀ ਚਾਹੀਦੀ ਹੈ। ਰਾਇਆ ਅਤੇ ਅਫਰੀਕਨ ਸਰ੍ਹੋਂ ਦੀ ਫਸਲ ਨੂੰ ਜੇ ਜ਼ਰੂਰਤ ਹੋਵੇ ਤਾਂ ਦੂਸਰਾ ਪਾਣੀ ਫੁੱਲ ਪੈਣ ਤੇ ਦਿਓ। ਜੇ ਕੋਰਾ ਪੈਣ ਦਾ ਡਰ ਹੋਵੇ ਤਾਂ ਦੂਸਰਾ ਪਾਣੀ ਪਹਿਲਾਂ ਵੀ ਦਿੱਤਾ ਜਾ ਸਕਦਾ ਹੈ। ਗੋਭੀ ਸਰ੍ਹੋਂ ਦੀ ਫਸਲ ਨੂੰ ਦੂਸਰਾ ਪਾਣੀ ਦਸੰਬਰ ਅਖੀਰ ਜਾਂ ਜਨਵਰੀ ਦੇ ਸ਼ੁਰੂ ਵਿਚ ਦਿਓ। ਤੀਜੀ ਅਤੇ ਆਖਰੀ ਸਿੰਚਾਈ ਫਰਵਰੀ ਦੇ ਦੂਜੇ ਪੰਦਰਵਾੜੇ ਵਿਚ ਦਿੱਤੀ ਜਾ ਸਕਦੀ ਹੈ।

**ਛੋਲੇ** : ਸੇਂਜੂ ਜ਼ਮੀਨ ਵਿਚ ਬਿਜਾਈ ਤੋਂ ਭਰਵੀਂ ਰੌਣੀ ਕਰਨੀ ਬਹੁਤ ਜ਼ਰੂਰੀ ਹੈ। ਇਸ ਨਾਲ ਜੜ੍ਹਾਂ ਡੂੰਘੀਆਂ ਜਾਣਗੀਆਂ ਅਤੇ ਭੂਮੀ ਵਿਚਲੇ ਪਾਣੀ ਦੀ ਯੋਗ ਵਰਤੋਂ ਹੋਵੇਗੀ। ਫਸਲ ਨੂੰ ਬਾਅਦ ਵਿਚ ਲੋੜ ਮੁਤਾਬਿਕ ਕੇਵਲ ਇਕ ਪਾਣੀ ਦੇਣ ਦੀ ਲੋੜ ਹੈ। ਇਹ ਪਾਣੀ ਬਿਜਾਈ ਦੇ ਸਮੇਂ ਅਤੇ ਬਾਰਸ਼ ਅਨੁਸਾਰ ਅੱਧ ਦਸੰਬਰ ਤੋਂ ਅੰਤ ਜਨਵਰੀ ਦਰਮਿਆਨ ਦੇਣਾ ਚਾਹੀਦਾ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 02
ਮਿਤੀ 11-01-2025



**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਹੈਪੀ ਸੀਡਰ ਨਾਲ ਸਫਲਤਾਪੂਰਵਕ ਕਣਕ ਦੀ ਬਿਜਾਈ ਕਰਨ ਵਾਲਾ ਕਿਸਾਨ ਸ. ਨਰਿੰਦਰ ਸਿੰਘ, ਜ਼ਿਲ੍ਹਾ ਸੰਗਰੂਰ


ਸੁਨੀਲ ਕੁਮਾਰ ਮਨਦੀਪ ਸਿੰਘ ਅਤੇ ਰੁਕਿੰਦਰ ਪ੍ਰੀਤ ਸਿੰਘ ਧਾਲੀਵਾਲ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ
ਮੋਬਾਇਲ : 88721-75800


ਸ. ਨਰਿੰਦਰ ਸਿੰਘ ਸਪੁੱਤਰ ਸ. ਗੁਰਚਰਨ ਸਿੰਘ ਪਿੰਡ ਲੌਂਗੋਵਾਲ, ਜ਼ਿਲ੍ਹਾ ਸੰਗਰੂਰ ਦਾ ਵਸਨੀਕ ਹੈ। ਉਹ 12 ਕਿੱਲੇ ਜ਼ਮੀਨ 'ਤੇ ਖੇਤੀ ਕਰਦਾ ਹੈ। ਜਿਸ ਵਿਚ ਉਸ ਨੇ ਝੋਨਾ-ਕਣਕ ਅਤੇ ਝੋਨਾ-ਆਲੂ-ਮੱਕੀ ਫਸਲੀ-ਚੱਕਰ ਅਪਣਾਇਆ ਹੋਇਆ ਹੈ। ਉਨ੍ਹਾਂ ਨੂੰ ਬਿਨਾਂ ਅੱਗ ਲਗਾਏ ਪਰਾਲੀ ਦੀ ਸੰਭਾਲ ਕਰਦਿਆਂ ਲਗਭਗ ਸੱਤ ਸਾਲ ਹੋ ਗਏ ਹਨ। ਇਸ ਤੋਂ ਪਹਿਲਾਂ ਉਹ ਵੀ ਆਮ ਕਿਸਾਨਾਂ ਵਾਂਗ ਲੂਜ਼ ਪਰਾਲੀ ਨੂੰ ਅੱਗ ਲਗਾ ਕੇ ਕਣਕ ਦੀ ਬਿਜਾਈ ਕਰਦਾ ਸੀ। ਉਸ ਨੇ ਕੇ ਵੀ ਕੇ, ਸੰਗਰੂਰ ਵੱਲੋਂ ਆਯੋਜਿਤ ਕੀਤੇ ਕੈਂਪਾਂ ਤੋਂ ਜਾਗਰੂਕ ਹੋ ਕੇ ਸਾਲ 2017 ਤੋਂ ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਗਾਏ ਖੇਤ ਵਿਚ ਹੀ ਸੰਭਾਲਣ ਦਾ ਪ੍ਰਣ ਲਿਆ। ਇਹ ਪ੍ਰਣ ਲੈਣ ਵਿਚ ਉਸ ਦਾ ਕੁਦਰਤ ਨਾਲ ਪਿਆਰ ਅਤੇ ਝੋਨੇ ਦੀ ਪਰਾਲੀ ਨੂੰ ਸਾੜਨ ਨਾਲ ਮਨੁੱਖੀ ਅਤੇ ਜ਼ਮੀਨ ਦੀ ਸਿਹਤ ਉੱਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਨੂੰ ਰੋਕਣਾ ਇਕ ਵੱਡਾ ਪਹਿਲੂ ਸੀ।

ਸ਼ੁਰੂ ਦੇ ਸਾਲਾਂ ਵਿਚ ਉਨ੍ਹਾਂ ਨੇ ਮਲਚਿੰਗ ਤਕਨੀਕ ਦੀ ਵਰਤੋਂ ਕੀਤੀ, ਜਿਸ ਵਿਚ ਉਹ ਝੋਨੇ ਦੇ ਖੜੇ ਕਰਚਿਆਂ ਵਿਚ ਹੀ ਕਣਕ ਦੇ ਬੀਜ ਅਤੇ ਖਾਦ ਦਾ ਛਿੱਟਾ ਦੇ ਦਿੰਦਾ ਅਤੇ ਫਿਰ ਕਟਰ ਫੇਰ ਦਿੰਦਾ। ਇਸ ਨਾਲ ਖੇਤ ਵਿਚ ਪਰਾਲੀ ਦੀ ਮਲਚ ਵਿੱਛ ਜਾਂਦੀ। ਇਸ ਤੋਂ ਬਾਅਦ ਪਾਣੀ ਲਗਾਇਆ ਜਾਂਦਾ ਜਿਸ ਨਾਲ ਕਣਕ ਹਰੀ ਹੋ ਜਾਂਦੀ। ਇਸ ਤਕਨੀਕ ਦੀ ਵਰਤੋਂ ਉਸ ਨੇ ਸ਼ੁਰੂ ਦੇ ਦੋ ਸਾਲ ਕੀਤੀ। ਫਿਰ ਉਸ ਨੇ ਹੈਪੀ ਸੀਫਰ ਤਕਨੀਕ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਇਸ ਤਕਨੀਕ ਰਾਹੀਂ ਬਿਜਾਈ ਕਰਨ ਲਈ ਉਹ ਪਹਿਲਾਂ ਪਰਾਲੀ ਨੂੰ ਇਕਸਾਰ ਖੇਤ ਵਿਚ ਖਿਲਾਰ ਦਿੰਦਾ ਹੈ ਅਤੇ ਫਿਰ ਮਲਚਰ ਚਲਾ ਦਿੰਦਾ ਹੈ। ਇਸ ਤੋਂ ਬਾਅਦ ਹੈਪੀ ਸੀਡਰ ਨਾਲ ਬਿਜਾਈ ਕਰ ਦਿੰਦਾ ਹੈ। ਹੈਪੀ ਸੀਡਰ ਨਾਲ ਬਿਜਾਈ ਕਰਨ ਵੇਲੇ ਉਹ 45-50 ਕਿਲੋ ਬੀਜ ਦੀ ਵਰਤੋਂ ਕਰਦਾ ਹੈ ਅਤੇ ਉਸ ਦਾ ਕਣਕ ਦਾ ਔਸਤ ਝਾੜ 24-25 ਕੁਇੰਟਲ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ।

ਸ. ਨਰਿੰਦਰ ਸਿੰਘ ਹੈਪੀ ਸੀਡਰ ਮਸ਼ੀਨ ਨੂੰ ਕੇ ਵੀ ਕੇ, ਖੇੜੀ ਸੰਗਰੂਰ ਤੋਂ ਕਿਰਾਏ ਤੇ ਲੈ ਕੇ ਵਰਤਦਾ ਹੈ ਅਤੇ ਸਰਕਾਰ ਵੱਲੋਂ ਉਪਲੱਬਧ ਕਰਵਾਈ ਜਾਂਦੀ ਮਸ਼ੀਨਰੀ ਦਾ ਲਾਭ ਉਠਾਉਂਦਾ ਹੈ। ਪਰਾਲੀ ਖੇਤ ਵਿਚ ਹੀ ਸੰਭਾਲਣ ਨਾਲ ਉਸ ਦੇ ਖੇਤ ਦੀ ਮਿੱਟੀ ਦੀ ਸਿਹਤ ਵਿਚ ਸੁਧਾਰ ਆਇਆ ਹੈ। ਪਰਾਲੀ ਦੀ ਮਲਚਿੰਗ ਕਾਰਣ ਉਸ ਦੇ ਖੇਤ ਵਿਚ ਗੁੱਲੀ ਡੰਡੇ ਦੀ ਸਮੱਸਿਆ ਵੀ ਘੱਟ ਆਉਂਦੀ ਹੈ ਅਤੇ ਇਸ ਦੇ ਨਾਲ ਹੀ ਕਦੇ ਕੋਈ ਸੁੰਡੀ ਦਾ ਹਮਲਾ ਵੀ ਨਹੀਂ ਹੋਇਆ। ਇਸ ਮਸ਼ੀਨ ਦੇ ਹੋਰ ਫਾਇਦੇ ਗਿਣਾਉਂਦੇ ਹੋਏ ਉਹ ਦੱਸਦਾ ਹੈ ਕਿ ਹੈਪੀ ਸੀਡਰ ਲਈ 45 ਤੋਂ 50 ਹਾਰਸ ਪਾਵਰ ਦਾ ਦੋ ਸਪੀਡ ਵਾਲਾ ਟਰੈਕਟਰ ਵਰਤਿਆ ਜਾ ਸਕਦਾ ਹੈ, ਡੀਜ਼ਲ ਦੀ ਖਪਤ ਘੱਟ ਹੁੰਦੀ ਹੈ, ਕਣਕ ਦੀ ਸਮੇਂ ਸਿਰ ਬਿਜਾਈ ਹੋ ਜਾਂਦੀ ਹੈ ਅਤੇ ਵਿੱਤੀ ਤੌਰ 'ਤੇ 2000/- ਰੁਪਏ ਪ੍ਰਤੀ ਏਕੜ ਖੇਤ ਦੀ ਤਿਆਰੀ ਦੇ ਖਰਚੇ ਦੀ ਬਚਤ ਹੁੰਦੀ ਹੈ। ਉਹ ਆਪ ਤਾਂ ਪਰਾਲੀ ਦੀ ਸਾਂਭ-ਸੰਭਾਲ ਕਰਦਾ ਹੀ ਹੈ, ਪ੍ਰੰਤੂ ਇਸ ਦੇ ਨਾਲ ਹੀ ਉਹ ਪਿੰਡ ਦੇ ਹੋਰਨਾਂ ਕਿਸਾਨਾਂ ਵਿਚ ਵੀ ਇਸ ਤਕਨੀਕ ਦੇ ਫਾਇਦਿਆਂ ਦਾ ਪ੍ਰਚਾਰ ਕਰਦਾ ਹੈ।



# ਪੰਜਾਬ 'ਚ ਗਹਿਰਾਉਂਦਾ ਪਾਣੀ ਦਾ ਸੰਕਟ

## ਸਰਕਾਰਾਂ ਨੂੰ ਗੰਭੀਰ ਹੋਣ ਦੀ ਲੋੜ

ਪਾਣੀ ਕੁਦਰਤ ਦਾ ਅਨਮੋਲ ਤੋਹਫਾ ਹੈ। ਜੀਵਨ ਦੀ ਹੋਂਦ ਪਾਣੀ ਤੋਂ ਬਿਨਾਂ ਅਸੰਭਵ ਹੈ। ਮਨੁੱਖੀ ਜ਼ਿੰਦਗੀ ਲਈ ਇਸ ਦੀ ਮਹੱਤਤਾ ਸਾਹਾਂ ਦੇ ਮੁਕਾਬਲੇ 'ਚ ਜ਼ਰਾ ਵੀ ਘੱਟ ਨਹੀਂ। ਵਿਗਿਆਨ ਅਨੁਸਾਰ ਮਨੁੱਖ ਭੋਜਨ ਤੋਂ ਬਿਨਾਂ ਮਹੀਨਾ ਜਿਉਂਦਾ ਰਹਿ ਸਕਦੈ ਪਰ ਪਾਣੀ ਤੋਂ ਬਗੈਰ ਹਫਤਾ ਵੀ ਮੁਸ਼ਕਲ ਹੈ। ਧਰਤੀ ਦਾ 70% ਹਿੱਸਾ ਪਾਣੀ ਨਾਲ ਭਰਿਆ ਹੋਇਆ ਹੈ, ਜਿਸ ਵਿਚੋਂ 97.5% ਪਾਣੀ ਸਲੂਣਾ ਹੋਣ ਕਾਰਨ ਵਰਤਣਯੋਗ ਨਹੀਂ। ਬਚਦੇ 2.5% 'ਚੋਂ ਵਧੇਰੇ ਹਿੱਸਾ ਬਰਫ ਦੇ ਢੇਰਾਂ ਤੇ ਗਲੇਸ਼ੀਅਰਾਂ 'ਚ ਬੰਦ ਹੈ। ਕੁਲ ਮਿਲਾ ਕੇ ਧਰਤੀ 'ਤੇ ਮੌਜੂਦਾ ਸਮੁੱਚੇ ਪਾਣੀ 'ਚੋਂ 1% ਤੋਂ ਵੀ ਘੱਟ ਹਿੱਸਾ ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਰਤਿਆ ਜਾ ਸਕਦਾ ਹੈ। ਪੰਜਾਬ, ਪੰਜ ਆਬਾਂ ਦੀ ਧਰਤੀ ਹੈ ਤੇ ਕੁਦਰਤ ਨੇ ਪੰਜਾਬ ਨੂੰ ਦਰਿਆਵਾਂ ਦੇ ਰੂਪ ਵਿਚ ਬੇਸ਼ੁਮਾਰ ਪਾਣੀ ਦੇ ਕੇ ਅਪਣਾ ਲਾਡਲਾ ਹੋਣ ਦਾ ਸਬੂਤ ਦਿਤਾ। ਦਰਿਆ ਧਰਤੀ ਹੇਠਲੇ ਜਲ ਪੱਧਰ ਨੂੰ ਬਣਾ ਕੇ ਰੱਖਣ ਦੇ ਨਾਲ-ਨਾਲ ਸ਼ੁੱਧ ਪਾਣੀ ਦਾ ਮੁੱਖ ਸਰੋਤ ਸਨ। 1947 ਦੀ ਵੰਡ ਤੋਂ ਬਾਅਦ ਜੋ ਢਾਈ ਕੁ ਦਰਿਆ ਪੰਜਾਬ ਦੇ ਹਿੱਸੇ ਆਏ, ਉਹ ਸਿਆਸਤ ਤੇ ਮਨੁੱਖੀ ਲਾਲਸਾ ਦੀ ਭੇਟ ਚੜ੍ਹ ਗਏ। ਕਾਰਪੋਰੇਟ ਘਰਾਣਿਆਂ ਵਲੋਂ ਚਲਾਈਆਂ ਜਾ ਰਹੀਆਂ ਫੈਕਟਰੀਆਂ ਦਾ ਜ਼ਹਿਰੀਲਾ ਪਾਣੀ ਨਿਯਮਾਂ ਨੂੰ ਠੁੱਡਾ ਮਾਰ ਕੇ ਦਰਿਆਵਾਂ 'ਚ ਸੁੱਟਿਆ ਜਾ ਰਿਹਾ ਹੈ, ਜੋ ਵੱਡੇ ਪੱਧਰ 'ਤੇ ਉਸ ਨੂੰ ਦੂਸ਼ਿਤ ਕਰ ਰਿਹਾ ਹੈ ਤੇ ਪੰਜਾਬੀਆਂ ਲਈ ਕੈਂਸਰ ਦਾ ਕਾਰਨ ਬਣ ਰਿਹਾ ਹੈ। ਵੱਧ ਰਹੀ ਆਬਾਦੀ ਤੇ ਹੋ ਰਹੇ ਸ਼ਹਿਰੀਕਰਨ ਦੇ ਨਾਲ-ਨਾਲ ਫਸਲੀ ਫੇਰ ਬਦਲ ਨੇ ਪਾਣੀ ਦੀ ਵਰਤੋਂ 'ਚ ਵੱਡਾ ਵਾਧਾ ਕੀਤਾ ਹੈ ਪਰ ਦੂਸਰੇ ਪਾਸੇ ਪਾਣੀ ਦੇ ਸੋਮੇ ਸੀਮਤ ਹਨ ਤੇ ਇਨ੍ਹਾਂ ਵਿਚ ਵਾਧਾ ਕਰਨਾ ਨਾ-ਮੁਮਕਿਨ ਹੈ। ਦਰਿਆਵਾਂ ਵਿਚ ਪਾਣੀ ਹੁਣ ਬੀਤੇ ਸਮੇਂ ਦੀ ਗੱਲ ਹੋ ਚਲਿਆ ਹੈ।

**ਜ਼ਮੀਨੀ ਪਾਣੀ ਦੇ ਹਾਲਾਤ** : ਜ਼ਮੀਨੀ ਪਾਣੀ ਦੀ ਗੱਲ ਕਰੀਏ ਤਾਂ 1950ਵਿਆਂ 'ਚ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ 10 ਤੋਂ 25 ਫੁੱਟ ਤਕ ਸੀ। ਕਈ ਵਾਰ ਬਹੁਤੀ ਬਾਰਸ਼ ਹੋਣ ਕਾਰਨ ਕਈ ਥਾਂ ਧਰਤੀ ਹੇਠਲਾ ਪਾਣੀ ਸੇਮ ਨਾਲਿਆਂ ਦੀ ਸ਼ਕਲ 'ਚ ਵਹਿ ਤੁਰਦਾ ਸੀ। 1965 ਤੋਂ ਬਾਅਦ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਦੁਆਰਾ ਲਿਆਂਦੇ ਹਰੇ ਇਨਕਲਾਬ ਨੇ ਪੈਦਾਵਾਰ 'ਚ ਕਈ ਗੁਣਾਂ ਵਾਧਾ ਕਰ ਦਿੱਤਾ ਜਿਸ ਨਾਲ ਦੇਸ਼ 'ਚ ਭੁੱਖ ਮਰੀ ਦੂਰ ਹੋ ਗਈ ਤੇ ਕਿਸਾਨੀ ਵੀ ਖੁਸ਼ਹਾਲ ਹੋ ਗਈ। ਹੁਣ ਪੰਜਾਬ ਦਾ ਰਕਬਾ ਭਾਰਤ ਦੇ ਕੁਲ ਰਕਬੇ ਦਾ ਡੇਢ ਫੀ ਸਦੀ ਰਹਿ ਗਿਆ ਹੈ। ਇਸ ਦੇ ਬਾਵਜੂਦ ਭਾਰਤ ਦੇ ਅਨਾਜ ਭੰਡਾਰ ਵਿਚ 47% ਕਣਕ ਤੇ 21% ਚੌਲ ਭੇਜ ਰਿਹਾ ਹੈ। ਇਨ੍ਹਾਂ ਅੰਕੜਿਆਂ 'ਚ ਹੀ ਪੰਜਾਬ ਦੇ ਪਾਣੀਆਂ ਦੀ ਤਬਾਹੀ ਦਾ ਰਾਜ ਛੁਪਿਆ ਹੋਇਆ ਹੈ। ਨਹਿਰੀ ਪਾਣੀ ਦੀ ਘਾਟ ਨੇ ਕਿਸਾਨਾਂ ਨੂੰ ਟਿਊਬਵੈੱਲਾਂ ਰਾਹੀਂ ਸਿੰਚਾਈ ਕਰਨ ਵਲ ਤੋਰਿਆ, ਦੇ ਨਤੀਜੇ ਵਜੋਂ ਹੇਠਲੇ ਪਾਣੀ ਦੀ ਵਰਤੋਂ ਘਾਤਕ ਰੂਪ ਧਾਰਤ ਕਰ ਗਈ। ਅਜੋਕੇ ਸਮੇਂ 'ਚ ਜ਼ਮੀਨੀ ਪਾਣੀ ਦੇ ਹਾਲਾਤ ਇਹ ਹਨ ਕਿ ਪੰਜਾਬ ਵਿਚ ਧਰਤੀ ਹੇਠਲਾ ਪਾਣੀ 164% ਦੀ ਦਰ ਨਾਲ ਬਾਹਰ ਕੱਢਿਆ ਜਾ ਰਿਹਾ ਹੈ। ਕੇਂਦਰੀ ਜ਼ਮੀਨੀ ਜਲ ਬੋਰਡ ਦੇ ਅੰਕੜਿਆਂ ਅਨੁਸਾਰ ਪੰਜਾਬ ਦਾ ਜ਼ਮੀਨੀ ਪਾਣੀ ਸਾਲਾਨਾ 18.84 ਬਿਲੀਅਨ ਕਿਊਬਿਕ ਮੀਟਰ ਦੀ ਦਰ ਨਾਲ ਰੀਚਾਰਜ ਹੁੰਦਾ ਹੈ, ਜਿਸ ਵਿਚੋਂ 16.98 ਬਿਲੀਅਨ ਕਿਊਬਿਕ ਮੀਟਰ ਪਾਣੀ ਸਾਲਾਨਾ ਕਢਿਆ ਜਾ ਸਕਦਾ ਹੈ ਪਰ 2023 ਦੇ ਅੰਕੜਿਆਂ ਮੁਤਾਬਕ ਪਾਣੀ ਕੱਢਣ ਦੀ ਦਰ 27.8 ਬਿਲੀਅਨ ਕਿਊਬਿਕ ਮੀਟਰ ਦਰਜ ਕੀਤੀ ਗਈ ਜੋ ਕਿ ਲਗਭਗ ਡੇਢ ਗੁਣਾ ਹੈ। ਇਹ ਅੰਕੜੇ ਭਵਿੱਖ ਲਈ ਇਕ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ। 2039 ਤਕ ਪਾਣੀ ਦਾ ਪੱਧਰ 300 ਮੀਟਰ ਤੋਂ ਥੱਲੇ ਜਾਣ ਦੀ ਸੰਭਾਵਨਾ ਬਣੀ ਹੋਈ ਹੈ।

**ਸਰਕਾਰਾਂ ਦੀ ਅਣਗਹਿਲੀ** : ਪੰਜਾਬ ਵਿਚ ਗਹਿਰਾਉਂਦੇ ਪਾਣੀ ਦੇ ਸੰਕਟ ਲਈ ਸੂਬਾ ਤੇ ਕੇਂਦਰ ਸਰਕਾਰਾਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਕੇਂਦਰ ਸਰਕਾਰ ਨੇ ਸੰਵਿਧਾਨ ਨੂੰ ਛਿੱਕੇ ਟੰਗ ਕੇ ਪੰਜਾਬ ਦੇ ਪਾਣੀ 'ਤੇ ਉਸ ਦਾ ਹੱਕ ਖੋਹਿਆ ਅਤੇ ਗੈਰ ਰਿਪੇਰੀਅਨ ਸੂਬਿਆਂ ਨੂੰ ਦੇਣ ਦੇ ਨਾਲ ਹੀ ਇਸ ਤੋਂ ਪੈਦਾ ਹੁੰਦੀ ਬਿਜਲੀ ਵੀ ਮੁਫਤ ਦਿੱਤੀ ਗਈ। ਸਮੇਂ ਦੀਆਂ ਰਾਜ ਸਰਕਾਰਾਂ ਨੇ ਵੀ ਇਸ ਵਿਰੁੱਧ ਕੋਈ ਆਵਾਜ਼ ਨਹੀਂ ਚੁੱਕੀ। ਵੰਡ ਤੋਂ ਪਹਿਲਾਂ ਰਾਜਸਥਾਨ ਪੰਜਾਬ ਨੂੰ ਪਾਣੀ ਬਦਲੇ ਮਾਲੀਆ ਅਦਾ ਕਰਦਾ ਸੀ ਜੋ ਕਿ 1947 ਤੋਂ ਬਾਅਦ ਬੰਦ ਕਰ ਦਿੱਤਾ ਗਿਆ। ਪੰਜਾਬ ਸਰਕਾਰ ਨੇ ਪਿੱਛੇ ਜਿਹੇ ਅੰਦਾਜ਼ਾ ਲਗਾਇਆ ਕਿ ਦਿੱਲੀ, ਹਰਿਆਣਾ ਤੇ ਰਾਜਸਥਾਨ ਨੂੰ ਦਿੱਤੇ ਜਾ ਰਹੇ ਦਰਿਆਈ ਪਾਣੀ ਦੇ ਮਾਲੀਏ ਦੀ ਰਕਮ ਕਈ ਲੱਖ ਕਰੋੜ ਬਣਦੀ ਹੈ। ਨਹਿਰੀ ਸਿੰਚਾਈ ਨੂੰ ਅਣਗੌਲਿਆ ਕਰਨ ਤੇ ਹਰੀ ਕ੍ਰਾਂਤੀ ਤੋਂ ਬਾਅਦ ਵੱਡੇ ਪੱਧਰ 'ਤੇ ਹੋਣ ਵਾਲੀ ਝੋਨੇ ਦੀ ਬਿਜਾਈ ਨੇ ਟਿਊਬਵੈੱਲਾਂ ਦੀ ਗਿਣਤੀ ਨੂੰ ਲੱਖਾਂ ਵਿਚ ਪਹੁੰਚਾ ਦਿੱਤਾ ਹੈ, ਜੋ ਸੰਨ 1965-66 ਦੌਰਾਨ 25-26 ਹਜ਼ਾਰ ਦੇ ਲਗਭਗ ਸੀ।

ਪੰਜਾਬ ਰਾਜ ਬਿਜਲੀ ਬੋਰਡ ਪਿਛਲੇ 27 ਸਾਲਾਂ ਵਿਚ ਲਗਭਗ 1 ਲੱਖ 24 ਹਜ਼ਾਰ ਕਰੋੜ ਦੀ ਬਿਜਲੀ ਸਬਸਿਡੀ ਕਿਸਾਨਾਂ ਨੂੰ ਦੇ ਚੁੱਕਾ ਹੈ। ਹੁਣ ਲੋੜ ਹੈ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਮਿਲ ਕੇ ਤੁਰੰਤ ਇਸ ਦਾ ਹੱਲ ਕੱਢਣ ਦੀ। ਕਿਸਾਨਾਂ ਨੂੰ ਝੋਨੇ ਦਾ ਬਦਲ ਘੱਟੋ ਘੱਟ ਖਰੀਦ ਮੁੱਲ ਦੀ ਗਰੰਟੀ ਨਾਲ ਦਿੱਤਾ ਜਾਵੇ ਅਤੇ ਨਹਿਰੀ ਪਾਣੀ ਰਾਹੀਂ ਸਿੰਚਾਈ ਯਕੀਨੀ ਬਣਾਈ ਜਾਵੇ। ਦੇਸ਼ ਦਾ ਅੰਨ ਭੰਡਾਰ ਭਰਨ ਵਾਲੇ ਪੰਜਾਬ ਦੇ ਪਾਣੀ ਦੀ ਸਮੱਸਿਆ ਭਾਰਤ ਵਿਚ ਅਨਾਜ ਦਾ ਸੰਕਟ ਵੀ ਪੈਦਾ ਕਰ ਸਕਦੀ ਹੈ।


**ਮੋਹਿਤ ਬਾਂਸਲ ਮਾਨਸਾ**
ਮੋ: 97500-00965



# ਪੱਤਝੜੀ ਫਲਦਾਰ ਬੂਟਿਆਂ ਦੀਆਂ ਖੁਰਾਕੀ ਲੋੜਾਂ ਨੂੰ ਨਜ਼ਰ-ਅੰਦਾਜ਼ ਨਾ ਕਰੋ

ਗੁਰਤੇਗ ਸਿੰਘ, ਕਿਰਨਦੀਪ ਕੌਰ ਕੰਮ ਅਤੇ ਅਨਿਰੁਧ ਠਾਕੁਰ,
ਫਲ ਵਿਗਿਆਨ ਕੇਂਦਰ, ਪੀ. ਏ. ਯੂ., ਲੁਧਿਆਣਾ (ਮੋ. 98150-98883)

ਪੱਤਝੜੀ ਫਲਦਾਰ ਬੂਟੇ ਦਸੰਬਰ-ਜਨਵਰੀ ਦੌਰਾਨ ਪੱਤੇ ਝੜਨ ਤੋਂ ਬਾਅਦ ਸਿਥਲ ਅਵਸਥਾ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਬੂਟਿਆਂ ਦੀ ਕਾਂਟ-ਛਾਂਟ ਮਗਰੋਂ ਬੂਟਿਆਂ ਤੋਂ ਗੁਣਾਤਮਿਕ ਉਪਜ ਲੈਣ ਲਈ, ਜੈਵਿਕ ਅਤੇ ਰਸਾਇਣਕ ਖਾਦਾਂ ਦੀ ਸੁਚੱਜੀ ਅਤੇ ਸੰਤੁਲਿਤ ਵਰਤੋਂ ਬਹੁਤ ਜ਼ਰੂਰੀ ਹੈ। ਪੱਤਝੜੀ ਫਲਦਾਰ ਬੂਟਿਆਂ ਦੀ ਖੁਰਾਕੀ ਲੋੜ ਜੈਵਿਕ ਅਤੇ ਰਸਾਇਣਕ ਖਾਦਾਂ ਦੀ ਸੁਚੱਜੀ ਵਰਤੋਂ ਕਰਕੇ ਪੂਰੀ ਕੀਤੀ ਜਾ ਸਕਦੀ ਹੈ। ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਖਾਦ ਵਿਚ ਅੰਦਾਜ਼ਨ ਮੁੱਢਲੇ ਪੌਸ਼ਟਿਕ ਤੱਤ ਜਿਵੇਂ ਕਿ ਨਾਈਟ੍ਰੋਜਨ (0.5-1.0 ਫੀਸਦੀ), ਫਾਸਫੋਰਸ (1.2-1.8 ਫੀਸਦੀ) ਅਤੇ ਪੋਟਾਸ਼ (1.2-2.0 ਫੀਸਦੀ) ਪਾਏ ਜਾਂਦੇ ਹਨ। ਜੈਵਿਕ ਖਾਦਾਂ ਦੇ ਨਾਲ ਸੁਪਰਫਾਸਫੇਟ ਅਤੇ ਮਿਊਰੇਟ ਆਫ ਪੋਟਾਸ਼ ਵਰਗੀਆਂ ਰਸਾਇਣਕ ਖਾਦਾਂ ਦਸੰਬਰ ਵਿਚ ਪਾਉਣੀਆਂ ਚਾਹੀਦੀਆਂ ਹਨ। ਹਾਲਾਂਕਿ, ਨਾਈਟ੍ਰੋਜਨ ਖਾਦ (ਯੂਰੀਆ, ਕਿਸਾਨ ਖਾਦ ਆਦਿ) ਨੂੰ ਦੋ ਹਿੱਸਿਆਂ ਵਿਚ ਪਾਉਣਾ ਚਾਹੀਦਾ ਹੈ : ਇੱਕ ਹਿੱਸਾ ਫਰਵਰੀ ਵਿਚ ਫੁੱਲ ਆਉਣ ਤੋਂ 10-15 ਦਿਨ ਪਹਿਲਾਂ ਅਤੇ ਦੂਜਾ ਅੱਧਾ ਹਿੱਸਾ ਮਾਰਚ-ਅਪ੍ਰੈਲ ਵਿਚ ਫਲ ਲੱਗਣ ਤੋਂ ਬਾਅਦ। ਇਸ ਤੋਂ ਇਲਾਵਾ, ਜ਼ਿੰਕ ਅਤੇ ਲੋਹੇ ਵਰਗੇ ਸੂਖਮ ਪੌਸ਼ਟਿਕ ਤੱਤਾਂ ਦੀ ਫਸਲ ਦੀ ਉਪਜ ਅਤੇ ਗੁਣਵੱਤਾ ਨੂੰ ਵਧਾਉਣ ਵਿਚ ਬਹੁਤ ਵੱਡੀ ਭੂਮਿਕਾ ਹੈ। ਇਹਨਾਂ ਪੌਸ਼ਟਿਕ ਤੱਤਾਂ ਨੂੰ ਪੱਤਿਆਂ ਦੇ ਛਿੜਕਾਅ ਵਜੋਂ ਲਾਗੂ ਕੀਤਾ ਜਾ ਸਕਦਾ ਹੈ। ਖਾਦਾਂ ਦੀ ਵਰਤੋਂ ਤੋਂ ਪਹਿਲਾਂ ਬਾਗ ਦੀ ਅਸਲ ਪੌਸ਼ਟਿਕ ਸਥਿਤੀ ਦਾ ਪਤਾ ਲਗਾਉਣ ਲਈ ਸਮੇਂ-ਸਮੇਂ 'ਤੇ ਮਿੱਟੀ ਅਤੇ ਪੱਤਿਆਂ ਦੇ ਨਮੂਨਿਆਂ ਦਾ ਵਿਸ਼ਲੇਸ਼ਣ ਕਰਨਾ ਬਹੁਤ ਜ਼ਰੂਰੀ ਹੈ।

**ਸਾਰਨੀ 1 : ਪੱਤਝੜੀ ਫਲਦਾਰ ਬੂਟਿਆਂ ਲਈ ਖਾਦਾਂ ਦੀ ਸਿਫਾਰਸ਼ ਮਾਤਰਾ**

| ਬੂਟੇ ਦੀ ਉਮਰ (ਸਾਲ) | ਰੂੜੀ (ਕਿਲੋ/ਬੂਟਾ) | ਯੂਰੀਆ | ਗ੍ਰਾਮ/ਬੂਟਾ ਸਿੰਗਲ ਸੁਪਰਫਾਸਫੇਟ | ਮਿਊਰੇਟ ਆਫ ਪੋਟਾਸ਼ |
|---|---|---|---|---|
| **ਨਾਖ** | | | | |
| 4-6 | 25-35 | 400-600 | 800-1200 | 600-900 |
| 7-9 | 40-50 | 700-900 | 1400-1800 | 1050-1350 |
| 10 ਜਾਂ ਵੱਧ | 50 | 1000 | 2000 | 1500 |
| **ਆੜੂ** | | | | |
| 3-4 | 20-25 | 540-1000 | 570-760 | 450-830 |
| 5 ਜਾਂ ਵੱਧ | 26 | 1000 | 760 | 830 |
| **ਅਲੂਚਾ** | | | | |
| 3-4 | 18-24 | 180-240 | 285-380 | 180-240 |
| 5-6 | 30-36 | 300-360 | 475-570 | 300-360 |
| 6 ਜਾਂ ਵੱਧ | 36 | 360 | 570 | 360 |
| **ਅੰਗੂਰ** | | | | |
| 3-4 | 50-65 | 600-800 | 3500-400 | 500-650 |
| 5 ਜਾਂ ਵੱਧ | 80 | 1000 | 4500 | 800 |

**ਨਾਖ** : ਪੰਜਾਬ ਵਿਚ ਹਲਕੀਆਂ ਅਤੇ ਰੇਤਲੀਆਂ ਜ਼ਮੀਨਾਂ ਵਿਚ ਲੱਗੇ ਨਾਖਾਂ ਦੇ ਬੂਟਿਆਂ ਵਿਚ ਜ਼ਿੰਕ ਅਤੇ ਲੋਹੇ ਨਾਖਾਂ ਦੇ ਬੂਟਿਆਂ ਵਿਚ ਜ਼ਿੰਕ ਅਤੇ ਲੋਹੇ ਦੀ ਘਾਟ ਆ ਜਾਂਦੀ ਹੈ। ਜ਼ਿੰਕ ਦੀ ਘਾਟ ਨਾਲ ਪ੍ਰਭਾਵਿਤ ਬੂਟਿਆਂ ਦੇ ਨਵੇਂ ਪੱਤਿਆਂ ਦੀਆਂ ਨਾੜੀਆਂ ਵਿਚਲਾ ਹਿੱਸਾ ਪੀਲਾ ਪੈ ਜਾਂਦਾ ਹੈ। ਪੱਤੇ ਕੱਪ ਦੀ ਤਰ੍ਹਾਂ ਉੱਪਰ ਵੱਲ ਨੂੰ ਮੁੜਨੇ ਸ਼ੁਰੂ ਹੋ ਜਾਂਦੇ ਹਨ ਅਤੇ ਪੱਤਿਆਂ ਦਾ ਅਕਾਰ ਆਮ ਨਾਲੋਂ ਛੋਟਾ ਰਹਿ ਜਾਂਦਾ ਹੈ। ਇਹਨਾਂ ਹਾਲਤਾਂ ਵਿਚ, 3 ਕਿੱਲੋ ਜ਼ਿੰਕ ਸਲਫੇਟ ਅਤੇ 1.5 ਕਿਲੋ ਅਣ-ਬੁਝਿਆ ਚੂਨਾ, 500 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਨਾਖ ਦੇ ਬੂਟਿਆਂ ਉੱਤੇ, ਲੋਹੇ ਦੀ ਘਾਟ ਟੀਸੀ ਵਾਲੇ ਪੱਤਿਆਂ ਦੇ ਨਜ਼ਰ ਆਉਂਦੀ ਹੈ। ਪੱਤਿਆਂ ਦੀਆਂ ਨਾੜੀਆਂ ਗੂੜ੍ਹੇ ਹਰੇ ਰੰਗ ਦੀਆਂ ਨਜ਼ਰ ਆਉਂਦੀਆਂ ਹਨ, ਤੇ ਬਾਕੀ ਹਿੱਸਾ ਪੀਲਾ ਪੈ ਜਾਂਦਾ ਹੈ। ਲੋਹੇ ਦੀ ਪੂਰਤੀ ਲਈ, 0.3 ਫੀਸਦੀ ਫੈਰਸ ਸਲਫੇਟ (300 ਗ੍ਰਾਮ ਫੈਰਸ ਸਲਫੇਟ/100 ਲਿਟਰ ਪਾਣੀ) ਦੇ ਘੋਲ ਦਾ ਛਿੜਕਾਅ ਕਰੋ। ਨਾਸ਼ਪਾਤੀ ਅਤੇ ਬੱਗੂਗੋਸ਼ੇ ਵਿਚ ਪੋਟਾਸ਼ੀਅਮ ਨਾਈਟ੍ਰੇਟ 1.5 ਫੀਸਦੀ (15 ਗ੍ਰਾਮ ਪ੍ਰਤੀ ਲਿਟਰ ਪਾਣੀ) ਦੇ ਤਿੰਨ ਛਿੜਕਾਅ, ਭਰ ਫੁੱਲ ਆਉਣ ਤੋਂ 15 ਦਿਨਾਂ ਬਾਅਦ, 30 ਦਿਨਾਂ ਬਾਅਦ ਅਤੇ 45 ਦਿਨਾਂ ਬਾਅਦ ਕਰਨ ਨਾਲ ਫਲਾਂ ਦਾ ਝਾੜ ਅਤੇ ਅਕਾਰ ਵੱਧ ਜਾਂਦਾ ਹੈ।

**ਆੜੂ** : ਹਲਕੀਆਂ ਰੇਤਲੀਆਂ ਅਤੇ ਵੱਧ ਖਾਰੀ ਅੰਗ ਵਾਲੀਆਂ ਜ਼ਮੀਨਾਂ ਵਿਚ ਆੜੂ ਦੇ ਬੂਟਿਆਂ ਤੇ ਲੋਹੇ ਦੀ ਘਾਟ ਆ ਜਾਂਦੀ ਹੈ। ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਮਾਰਚ ਮਹੀਨੇ ਟੀਸੀ ਵਾਲੇ ਪੱਤਿਆਂ ਉੱਤੇ ਨਜ਼ਰ ਆਉਂਦੀਆਂ ਹਨ। ਪੱਤੇ ਦੀਆਂ ਨਾੜੀਆਂ ਦੇ ਵਿਚਕਾਰਲੇ ਹਿੱਸੇ ਪੀਲੇ ਪੈ ਜਾਂਦੇ ਹਨ, ਪਰ ਨਾੜੀਆਂ ਗੂੜ੍ਹੇ ਹਰੇ ਰੰਗ ਦੀਆਂ ਹੀ ਨਜ਼ਰ ਆਉਂਦੀਆਂ ਹਨ। ਵਧੇਰੇ ਘਾਟ ਵਾਲੀਆਂ ਜ਼ਮੀਨਾਂ ਵਿਚ ਨਵੇਂ ਨਿਕਲ ਰਹੇ ਪੱਤੇ ਤਾਂ ਬਿਲਕੁਲ ਹੀ ਪੀਲੇ ਦਿਖਾਈ ਦਿੰਦੇ ਹਨ। ਇਸ ਤੱਤ ਦੀ ਪੂਰਤੀ ਲਈ, 0.3 ਫੀਸਦੀ ਫੈਰਸ ਸਲਫੇਟ ਘੋਲ (300 ਗ੍ਰਾਮ ਫੈਰਸ ਸਲਫੇਟ/100 ਲਿਟਰ ਪਾਣੀ) ਦੇ ਅਪ੍ਰੈਲ, ਜੂਨ ਅਤੇ ਅਗਸਤ-ਸਤੰਬਰ ਵਿਚ ਛਿੜਕਾਅ ਕਰੋ।

**ਅਲੂਚਾ** : ਹਲਕੀਆਂ ਜ਼ਮੀਨਾਂ ਵਿਚ, ਬਰਸਾਤ ਦੇ ਦਿਨਾਂ ਦੌਰਾਨ ਅਲੂਚੇ ਉੱਤੇ ਜ਼ਿੰਕ ਦੀ ਘਾਟ ਵੀ ਨਜ਼ਰ ਆਉਂਦੀ ਹੈ। ਇਸ ਦੀ ਘਾਟ ਕਾਰਨ, ਬੂਟਿਆਂ ਦੀਆਂ ਟਾਹਣੀਆਂ ਦੇ ਉੱਪਰਲੇ ਪੱਤੇ ਛੋਟੇ ਅਕਾਰ ਦੇ ਰਹਿ ਜਾਂਦੇ ਹਨ। ਇਹ ਪੱਤੇ ਨਾੜੀਆਂ ਵਿਚਕਾਰੋਂ ਪੀਲੇ ਦਿਖਾਈ ਦੇਣ ਲੱਗ ਪੈਂਦੇ ਹਨ। ਜੇਕਰ, ਜ਼ਿੰਕ ਦੀ ਘਾਟ ਵਧੇਰੇ ਲੰਮੇ ਸਮੇਂ ਤੱਕ ਰਹੇ, ਤਾਂ ਟਾਹਣੀਆਂ ਦੀਆਂ ਟੀਸੀਆਂ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਤੱਤ ਦੀ ਪੂਰਤੀ ਲਈ, ਨਿਸ਼ਾਨੀਆਂ ਨਜ਼ਰ ਆਉਂਦੇ ਹੀ, 3 ਕਿਲੋ ਜ਼ਿੰਕ ਸਲਫੇਟ ਅਤੇ 1.5 ਕਿੱਲੋ ਅਣ-ਬੁਝਿਆ ਚੂਨਾ, 500 ਲਿਟਰ ਪਾਣੀ ਵਿਚ ਘੋਲ ਕੇ, ਪ੍ਰਤੀ ਏਕੜ ਛਿੜਕਾਅ ਕਰੋ।

**ਅੰਗੂਰ** : ਅੰਗੂਰਾਂ ਦਾ ਵੱਧ ਝਾੜ ਅਤੇ ਚੰਗੀ ਗੁਣਵੱਤਾ ਭਰਪੂਰ ਫਲ ਲੈਣ ਲਈ, 1.0 ਫੀਸਦੀ ਯੂਰੀਏ ਦੇ ਘੋਲ ਦੇ ਦੋ ਛਿੜਕਾਅ ਜ਼ਰੂਰ ਕਰ ਦੇਣੇ ਚਾਹੀਦੇ ਹਨ। ਪਹਿਲਾ ਛਿੜਕਾਅ, ਫੁੱਲ ਪੈਣ ਸਮੇਂ ਅਤੇ ਦੂਜਾ ਫਲ ਪੈਣ ਵੇਲੇ ਕਰਨਾ ਚਾਹੀਦਾ ਹੈ। ਹਲਕੀਆਂ ਜ਼ਮੀਨਾਂ ਵਿਚ ਲੂਣੇ ਖਾਰੇ ਪਾਣੀ ਨੂੰ ਨਹਿਰੀ ਪਾਣੀ ਨਾਲ ਅਦਲ-ਬਦਲ ਕੇ ਜਾਂ ਪ੍ਰੈਸਮੱਡ 6 ਕਿਲੋ ਪ੍ਰਤੀ ਵੇਲ ਪਾ ਕੇ ਚੰਗੀ ਗੁਣਵੱਤਾ ਵਾਲਾ ਅੰਗੂਰਾਂ ਦਾ ਝਾੜ ਲੈਣ ਅਤੇ ਮਿੱਟੀ ਦੀ ਸਿਹਤ ਬਰਕਰਾਰ ਰੱਖਣ ਲਈ ਵਰਤੋਂ। ਪੋਟਾਸ਼ੀਅਮ ਸਲਫੇਟ (15 ਗ੍ਰਾਮ ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ) ਦੇ ਛਿੜਕਾ, ਪਹਿਲਾ ਫਲ ਚੁੱਕਣ ਤੋਂ ਬਾਅਦ ਅਪ੍ਰੈਲ ਵਿਚ ਅਦੇ ਦੂਜਾ ਅੰਗੂਰਾਂ ਦੇ ਰੰਗ ਬਦਲਣ ਦੇ ਸਮੇਂ ਕਰਨ ਨਾਲ ਗੁੱਛੇ ਸੁਨਹਿਰੀ ਰੰਗ ਦੇ ਹੋ ਜਾਂਦੇ ਹਨ ਅਤੇ ਇਨ੍ਹਾਂ ਦੀ ਮਿਠਾਸ ਵੱਧ ਜਾਂਦੀ ਹੈ।

### ਖਾਦਾਂ ਪਾਉਣ ਲਈ ਸਾਵਧਾਨੀਆਂ

★ ਖਾਦਾਂ ਦੀ ਮਾਤਰਾ ਬੂਟਿਆਂ ਦੀ ਕਿਸਮ, ਉਮਰ, ਪਿੱਛਲੇ ਸਾਲ ਦੇ ਫਲ ਉਤਪਾਦਨ ਅਤੇ ਦਰਖਤ ਦੇ ਹੇਠਾਂ ਅਤੇ ਆਲੇ-ਦੁਆਲੇ ਖਾਲੀ ਜ਼ਮੀਨ 'ਤੇ ਨਿਰਭਰ ਕਰਦੀ ਹੈ।
★ ਨਵੇਂ ਲਗਾਏ ਬੂਟਿਆਂ ਵਿਚ ਖਾਦ ਤਣੇ ਤੋਂ 10 ਤੋਂ 12 ਇੰਚ ਦੀ ਦੂਰੀ 'ਤੇ ਪਾਓ। ਇਹ ਬੂਟਿਆਂ ਦੇ ਤਣੇ ਦੇ ਆਲੇ ਦੁਆਲੇ ਇਕੱਠੀ ਹੋਣ ਵਾਲੀ ਖਾਦ ਦੁਆਰਾ ਤਣੇ ਦੇ ਨੁਕਸਾਨ ਨੂੰ ਰੋਕਣ ਵਿਚ ਮਦਦ ਕਰੇਗਾ।
★ ਬੂਟਿਆ ਦੀ ਛੱਤਰੀ ਦੇ ਹੇਠਾਂ ਜੜ੍ਹ ਖੇਤਰ ਵਿਚ ਖਾਦ ਪਾਓ ਅਤੇ ਖਾਦ ਪਾਉਣ ਤੋਂ ਪਹਿਲਾਂ ਜ਼ਮੀਨ ਨਦੀਨਾਂ ਤੋਂ ਮੁਕਤ ਹੋਣੀ ਚਾਹੀਦੀ ਹੈ।
★ ਖਾਦਾਂ ਨੂੰ ਖੁਰਪਾ ਜਾਂ ਕਹੀ ਨਾਲ ਮਿੱਟੀ ਵਿਚ ਹਲਕਾ ਰਲਾ ਦੇਣਾ ਚਾਹੀਦਾ ਹੈ।
★ ਖਾਦ ਪਾਉਣ ਤੋਂ ਤੁਰੰਤ ਬਾਅਦ ਬੂਟਿਆਂ ਨੂੰ ਹਲਕੀ ਸਿੰਚਾਈ ਕਰਨੀ ਚਾਹੀਦੀ ਹੈ।
★ ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ ਕੱਚੀ ਖਾਦ ਸਿਊਂਕ ਦਾ ਹਮਲਾ ਵਧਾਉਂਦੀ ਹੈ।



# ਪਸ਼ੂਆਂ ਨੂੰ ਬਰੂਸੀਲੋਸਿਸ ਦੀ ਬੀਮਾਰੀ ਤੋਂ ਬਚਾਓ

**ਬਰੂਸੀਲੋਸਿਸ** ਗਾਂ, ਭੇਡ, ਬੱਕਰੀ, ਸੂਰ ਅਤੇ ਕੁੱਤਿਆਂ ਵਿਚ ਬੈਕਟੀਰੀਆ ਨਾਲ ਫੈਲਣ ਵਾਲੀ ਇਕ ਛੂਤ ਦੀ ਬੀਮਾਰੀ ਹੈ, ਜਿਸ ਕਾਰਨ ਪਸ਼ੂ ਤੂਅ ਜਾਂਦਾ ਹੈ। ਇਹ ਇਕ ਜੂਨੋਟਿਕ ਬੀਮਾਰੀ ਹੈ, ਜੋ ਪਸ਼ੂਆਂ ਤੋਂ ਮਨੁੱਖਾਂ ਅਤੇ ਮਨੁੱਖਾਂ ਤੋਂ ਪਸ਼ੂਆਂ ਵਿਚ ਵੀ ਫੈਲ ਜਾਂਦੀ ਹੈ । ਇਹ ਰੋਗ ਸਾਰੇ ਸੰਸਾਰ ਵਿਚ ਹੁੰਦਾ ਹੈ ਅਤੇ ਮਨੁੱਖਾਂ, ਪਾਲਤੂ ਪਸ਼ੂਆਂ ਤੇ ਜੰਗਲੀ ਪਸ਼ੂਆਂ ਵਿਚ ਵੀ ਹੁੰਦਾ ਹੈ ।

ਇਸ ਬੀਮਾਰੀ ਤੋਂ ਇਨਫੈਕਟਿਡ ਪਸ਼ੂ ਵਿਚ ਗਰਭ ਦੇ ਆਖਰੀ ਤਿਮਾਹੀ ਭਾਵ 7-9 ਮਹੀਨੇ ਦੇ ਸਮੇਂ ਦੌਰਾਨ ਗਰਭਪਾਤ ਹੋ ਜਾਂਦਾ ਹੈ। ਪਸ਼ੂ ਵਾੜੇ ਵਿਚ ਇਹ ਰੋਗ ਵੱਡੇ ਪੱਧਰ ਤੇ ਫੈਲਦਾ ਹੈ ਅਤੇ ਇਕ ਬੀਮਾਰੀ ਪਸ਼ੂ ਦੇ ਤੂਣ ਨਾਲ ਪਸ਼ੂ ਪਾਲਕ ਦਾ ਬਹੁਤ ਨੁਕਸਾਨ ਹੁੰਦਾ ਹੈ । ਬਰੂਸੀਲੋਸਿਸ ਮਨੁੱਖਾਂ ਦੀ ਸਿਹਤ ਤੋਂ ਪੱਖੋਂ ਕਾਫੀ ਮਹੱਤਵਪੂਰਨ ਹੈ, ਕਿਉਂਕਿ ਸੰਸਾਰ ਵਿਚ ਲਗਭਗ 5 ਲੱਖ ਮਨੁੱਖ ਹਰ ਸਾਲ ਬਰੂਸੀਲੋਸਿਸ ਰੋਗ ਨਾਲ ਸੰਕਰਮਿਤ ਹੁੰਦੇ ਹਨ ।



ਗਾਂ ਮੱਝ ਵਿਚ ਇਹ ਬੀਮਾਰੀ ਬਰੂਸੈਲਾ ਅਬਾਰਟਸ ਨਾਂ ਦੇ ਜੀਵਾਣੂ ਕਾਰਨ ਹੁੰਦੀ ਹੈ, ਜੋ ਕਿ ਗੱਭਣ ਪਸ਼ੂ ਦੀ ਬੱਚੇਦਾਨੀ ਵਿਚ ਰਹਿੰਦਾ ਹੈ ਅਤੇ ਆਖਰੀ ਤਿਮਾਹੀ ਵਿਚ ਗਰਭਪਾਤ ਕਰਦਾ ਹੈ । ਇਕ ਵਾਰੀ ਇਨਫੈਕਟਿਡ ਹੋਣ ਨਾਲ ਪਸ਼ੂ ਸਾਰੀ ਉਮਰ ਇਸ ਜੀਵਾਣੂ ਨੂੰ ਆਪਣੇ ਦੁੱਧ ਅਤੇ ਬੱਚੇਦਾਨੀ ਦੇ ਤਰਲ ਨਾਲ ਬਾਹਰ ਸੁੱਟਦਾ ਰਹਿੰਦਾ ਹੈ ਅਤੇ ਹੋਰ ਪਸ਼ੂਆਂ ਅਤੇ ਮਨੁੱਖਾਂ ਲਈ ਬੀਕਾਰੀ ਦਾ ਕਾਰਨ ਬਣਦਾ ਹੈ ।

**ਬਰੂਸੀਲੋਸਿਸ ਬਿਮਾਰੀ ਕਿਵੇਂ ਹੋ ਸਕਦੀ ਹੈ ?**

ਪਸ਼ੂਆਂ ਵਿਚ ਬਰੂਸੀਲੋਸਿਸ ਰੋਗ ਇਨਫੈਕਟਿਡ ਪਦਾਰਥ ਖਾਣ ਨਾਲ, ਜਣਨ ਅੰਗਾਂ ਤੋਂ ਆਉਣ ਵਾਲੇ ਤਰਲ ਦੇ ਸੰਪਰਕ ਨਾਲ, ਯੋਨੀ ਤਰਲ ਨਾਲ ਇਨਫੈਕਟਿਡ ਚਾਰੇ ਦੀ ਵਰਤੋਂ ਨਾਲ, ਇਨਫੈਕਟਿਡ ਸਾਨ੍ਹ ਤੋਂ ਅਤੇ ਇਨਫੈਕਟਿਡ ਵੀਰਜ ਤੋਂ ਬਨਾਵਟੀ ਗਰਭਦਾਨ ਦੁਆਰਾ ਫੈਲਦਾ ਹੈ। ਮਨੁੱਖਾਂ ਵਿਚ ਇਹ ਬੀਮਾਰੀ ਕੱਚਾ ਮਾਸ ਖਾਣ ਅਤੇ ਇਨਫੈਕਟਿਡ ਪਸ਼ੂ ਜਾਂ ਉਸ ਦੇ ਢਾਰਿਆਂ ਦੇ ਸੰਪਰਕ ਵਿਚ ਆਉਣ ਨਾਲ ਵੀ ਫੈਲ ਸਕਦਾ ਹੈ । ਕਈ ਵਾਰ ਗਰਭਪਾਤ ਹੋਣ 'ਤੇ ਪਸ਼ੂ ਚਿਕਿਤਸਕ ਜਾਂ ਪਸ਼ੂ ਪਾਲਕ ਸਾਵਧਾਨੀ ਨਹੀਂ ਵਰਤਦੇ ਅਤੇ ਰੋਗੀ ਪਸ਼ੂ ਦੀ ਜੇਰ ਜਾਂ ਬੱਚੇਦਾਨੀ ਦੇ ਤਰਲ ਨੂੰ ਹੱਥ ਲਾ ਦਿੰਦੇ ਹਨ, ਜਿਸ ਨਾਲ ਬਰੂਸੀਲੋਸਿਸ ਰੋਗ ਦਾ ਜੀਵਾਣੂ ਚਮੜੀ ਦੇ ਕਿਸੇ ਜਖਮ ਜਾਂ ਅੱਖ ਅਤੇ ਨੱਕ ਦੀ ਝਿੱਲੀ ਦੁਆਰਾ ਵੀ ਸਰੀਰ ਅੰਦਰ ਦਾਖਲ ਹੋ ਜਾਂਦਾ ਹੈ ।

**ਬਰੂਸੀਲੋਸਿਸ ਰੋਗ ਦੇ ਲੱਛਣ**

ਪਸ਼ੂਆਂ ਵਿਚ ਗਰਭ ਦੇ ਆਖਰੀ ਤਿਮਾਹੀ ਭਾਵ 7-9 ਮਹੀਨੇ ਦੇ ਸਮੇਂ ਦੌਰਾਨ ਗਰਭਪਾਤ ਹੋਣਾ ਇਸ ਰੋਗ ਦੇ ਪ੍ਰਮੁੱਖ ਲੱਛਣ ਹੈ । ਇਸ ਤੋਂ ਇਲਾਵਾ ਪਸ਼ੂਆਂ ਵਿਚ ਜੇਰ ਦਾ ਫਸਣਾ, ਬੱਚੇਦਾਨੀ ਦੀ ਸੋਜਿਸ਼ ਅਤੇ ਨਰ ਪਸ਼ੂਆਂ ਵਿਚ ਅੰਡਕੋਸ਼ ਦੀ ਸੋਜ ਇਸ ਬੀਮਾਰੀ ਦੇ ਪ੍ਰਮੁੱਖ ਲੱਛਣ ਹਨ । ਕੁੱਝ ਪਸ਼ੂਆਂ ਦੇ ਪੈਰਾਂ ਦੇ ਜੋੜਾਂ ਵਿਚ ਸੋਜ਼ ਆ ਜਾਂਦੀ ਹੈ, ਜਿਸ ਨੂੰ ਹਾਈਗ੍ਰੋਮਾ ਕਿਹਾ ਜਾਂਦਾ ਹੈ । ਮਨੁੱਖ ਨੂੰ ਇਸ ਬੀਮਾਰੀ ਕਾਰਨ ਤੇਜ਼ ਬੁਖਾਰ ਆ ਜਾਂਦਾ ਹੈ, ਜੋ ਵਾਰ ਵਾਰ ਉਤਰਦਾ ਅਤੇ ਚੜ੍ਹਦਾ ਰਹਿੰਦਾ ਹੈ, ਇਸ ਨਾਲ ਜੋੜਾਂ ਅਤੇ ਲੱਕ ਵਿਚ ਦਰਦ ਵੀ ਹੁੰਦਾ ਹੈ । ਮਨੁੱਖ ਵਿਚ ਬਰੂਸੀਲੋਸਿਸ ਹੋਣ 'ਤੇ ਭੁੱਖ ਨਾ ਲੱਗਣਾ, ਭਾਰ ਘੱਟ ਜਾਣਾ, ਪਿੱਠ ਦਾ ਦਰਦ, ਬੁਖਾਰ, ਸੁਸਤੀ, ਪੇਟ ਦਰਦ, ਫਲੂ ਵਰਗੇ ਲੱਛਣ ਹੋ ਸਕਦੇ ਹਨ ।

**ਬਰੂਸੀਲੋਸਿਸ ਰੋਗ ਦੇ ਲੱਛਣ**

ਗਰਭਪਾਤ ਦੇ ਇਤਿਹਾਸ ਨੂੰ ਦੇਖ ਕੇ, ਰੋਗੀ ਪਸ਼ੂ ਦੀ ਯੋਨੀ ਵਿਚੋਂ ਤਰਲ/ਖੂਨ ਆਦਿ, ਜੇਰ ਦੀ ਜਾਂਚ ਅਤੇ ਰੋਗੀ ਮਨੁੱਖ ਦੇ ਵੀਰਜ/ਖੂਨ ਦੀ ਜਾਂਚ ਕਰਕੇ ਕੀਤੀ ਜਾਂਦੀ ਹੈ। ਪਸ਼ੂਆਂ ਵਿਚ ਗਰਭਪਾਤ ਤੋਂ ਬਾਅਦ ਜੇਰ ਦਾ ਰੁਕਣਾ ਅਤੇ ਚਮੜੇ ਵਰਗੀ ਜੇਰ ਇਸ ਬੀਮਾਰੀ ਦੀ ਖਾਸ ਪਛਾਣ ਹੈ ।



**ਬਰੂਸੀਲੋਸਿਸ ਰੋਗ ਦਾ ਪ੍ਰਬੰਧ ਲੱਛਣ**

★ ਪਸ਼ੂਆਂ ਵਿਚ ਬਰੂਸੀਲੋਸਿਸ ਰੋਗ ਦਾ ਕੋਈ ਵਧੀਆ ਸਫਲ ਇਲਾਜ ਨਹੀਂ ਹੈ ।

★ ਮਨੁੱਖਾਂ ਵਿਚ ਲੰਬੇ ਸਮੇਂ ਤੱਕ ਐਂਟੀਬਾਇਓਟਿਕ ਦਵਾਈਆਂ ਨਾਲ ਇਸ ਰੋਗ ਦਾ ਇਲਾਜ ਕੀਤਾ ਗਿਆ ਹੈ ।

★ ਸਿਹਤਮੰਦ ਗਾਂ/ਮੱਝ ਦੇ ਬੱਚੇ (ਵੱਛੇ/ਵੱਛੀਆਂ ਅਤੇ ਕੱਟੇ/ਕੱਟੀਆਂ) ਵਿਚ 4-8 ਮਹੀਨੇ ਦੀ ਉਮਰ ਵਿਚ ਬਰੂਸੈਲਾ ਐਸ-19 ਵੈਕਸੀਨ ਨਾਲ ਟੀਕਾਕਰਨ ਕਰਾਉਣਾ ਚਾਹੀਦਾ ਹੈ । ਨਰ ਪਸ਼ੂ ਦਾ ਨਾ ਕਰਾਓ ।

★ ਨਵੇਂ ਖਰੀਦੇ ਗਏ ਪਸ਼ੂਆਂ ਨੂੰ ਬਰੂਸੈਲਾ ਇਨਫੈਕਸ਼ਨ ਦੀ ਜਾਂਚ ਕੀਤੇ ਬਿਨ੍ਹਾਂ ਹੋਰ ਸਿਹਤਮੰਦ ਪਸ਼ੂਆਂ ਨਾਲ ਕਦੇ ਨਹੀਂ ਰੱਖਣਾ ਚਾਹੀਦਾ ।

★ ਜੇ ਕੋਈ ਪਸ਼ੂ ਗਰਭ ਦੀ ਤੀਜੀ ਤਿਮਾਹੀ ਵਿਚ ਤੂਅ ਗਿਆ ਹੈ ਤਾਂ ਉਸ ਨੂੰ ਤੁਰੰਤ ਫਾਰਮ ਦੇ ਬਾਕੀ ਪਸ਼ੂਆਂ ਤੋਂ ਵੱਖ ਕਰ ਦੇਣਾ ਚਾਹੀਦਾ ਹੈ ।

★ ਮਰੇ ਹੋਏ ਨਵੇਂ ਜੰਮੇ ਵੱਛੜੇ ਅਤੇ ਜੇਰ ਨੂੰ ਚੂਨੇ ਨਾਲ ਮਿਲਾ ਕੇ ਡੂੰਘੀ ਜ਼ਮੀਨ ਵਿਚ ਦਬਾ ਦੇਣਾ ਚਾਹੀਦਾ ਹੈ, ਜਿਸ ਨਾਲ ਜੰਗਲੀ ਪਸ਼ੂ ਅਤੇ ਪੰਛੀ ਉਸ ਨੂੰ ਨਾ ਕੱਢ ਸਕਣ ।

★ ਜੇ ਪਸ਼ੂ ਦਾ ਗਰਭਪਾਤ ਹੋਇਆ ਹੈ ਤਾਂ ਉਸ ਜਗ੍ਹਾ 'ਤੇ ਫਿਨਾਇਲ ਦਾ ਛਿੜਕਾਅ ਕਰੋ ।

★ ਬੀਮਾਰ ਮਾਦਾ ਪਸ਼ੂ ਦੇ ਕੱਚੇ ਦੁੱਧ ਨੂੰ ਸਿਹਤਮੰਦ ਨਵੇਂ ਜੰਮੇਂ ਪਸ਼ੂਆਂ ਅਤੇ ਮਨੁੱਖਾਂ ਨੂੰ ਨਹੀਂ ਪਿਆਉਣਾ ਚਾਹੀਦਾ ।

★ ਪਸ਼ੂ ਦੇ ਤੂਣ 'ਤੇ ਪਸ਼ੂ ਪਾਲਕ ਨੂੰ ਉਸ ਦੇ ਇਨਫੈਕਟਡ ਤਰਲ, ਮਲਮੂਤਰ ਆਦਿ ਦੇ ਸੰਪਰਕ ਵਿਚ ਆਉਣ ਤੋਂ ਬਚਣਾ ਚਾਹੀਦਾ ਹੈ ।

★ ਆਸੇ-ਪਾਸੇ ਦੀ ਧੂੜ ਮਿੱਟੀ, ਚਾਰ ਆਦਿ ਨੂੰ ਸਾੜ ਦੇਣਾ ਚਾਹੀਦਾ ਹੈ ਅਤੇ ਉਸ ਜਗ੍ਹਾਂ ਨੂੰ ਜੀਵਾਣੂ ਰਹਿਤ ਕਰਨਾ ਜ਼ਰੂਰੀ ਹੈ ।

**ਪਸ਼ੂਆਂ ਦੇ ਡਾਕਟਰ ਲਈ ਜ਼ਰੂਰੀ ਸਲਾਹ**

★ ਜਿਸ ਪਸ਼ੂ ਦੇ ਰੋਗੀ ਹੋਣ ਦਾ ਸ਼ੱਕ ਹੋਵੇ, ਉਸ ਦਾ ਨਿਰੀਖਣ ਕਰਦੇ ਸਮੇਂ ਸਾਰੀਆਂ ਸਾਵਧਾਨੀਆਂ ਵਰਤੋ ।

★ ਜੇਰ ਕੱਢਣ ਤੋਂ ਬਾਅਦ, ਹੱਥ ਮੂੰਹ ਨੂੰ ਐਂਟੀਸੈਪਟਿਕ ਘੋਲ ਨਾਲ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ ।

★ ਜੇ ਲੰਬੇ ਸਮੇਂ ਤੱਕ ਬੁਖਾਰ ਹੋ ਜਾਵੇ ਜਾਂ ਬਿਨ੍ਹਾਂ ਸਾਵਧਾਨੀ ਕਿਸੇ ਰੋਗੀ ਪਸ਼ੂ ਨੂੰ ਚੈੱਕ ਕੀਤਾ ਹੋਵੇ ਤਾਂ ਖੂਨ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ ।

**- ਮਧੂ ਸ਼ੈਲੀ**

# ਚਰਚਾ ਕਰਨੀ ਜਾਂ ਹੁੱਲੜਬਾਜ਼ੀ ਕਰਨੀ ਕਿੰਨੀ ਕੁ ਜਾਇਜ਼ ਹੈ ?

ਜੋ ਰੋਸ ਪ੍ਰਗਟਾਵੇ ਸ਼ੋਰ ਸ਼ਰਾਬੇ ਸਦਨ ਅੰਦਰ ਸੀਮਾਂ ਅੰਦਰ ਰਹਿ ਕੇ ਹੀ ਕੀਤੇ ਵਾਜਬ ਹਨ । ਸੀਮਾਂਵਾਂ ਦੀ ਉਲੰਘਣਾ ਕਰਨੀ ਵੀ ਰਾਸ ਨਹੀਂ ਬੈਠਦੀ ਹੈ ਪਰ ਅਜਿਹੀ ਹੁੱਲੜਬਾਜ਼ੀ ਅਤੇ ਸ਼ੋਰ ਸ਼ਰਾਬਾਂ ਸਰਕਾਰ ਦੇ ਠੀਕ ਬੈਠਦਾ ਹੈ ਅਤੇ ਸਰਕਾਰ ਦੇ ਠੀਕ ਬੈਠਦਾ ਹੈ ਅਤੇ ਸਰਕਾਰਾਂ ਦੇ ਨੇਤਾ ਇਹ ਨਹੀਂ ਚਾਹੁੰਦੇ ਹੁੰਦੇ ਕਿ ਵਿਵਾਦਿਕ ਮੁੱਦਿਆਂ ਅਸਰਦਾਰ ਗਲਬਾਤ ਸਾਬਤ ਹੋਵੇ । ਤੇ ਉਹਨਾਂ ਦਾ ਅਕਸ ਗੰਧਲਾ ਦਾਗੀ ਹੋਵੇ । ਉਹ ਸਦਾ ਵਿਰੋਧੀਆਂ ਤੇ ਸ਼ੋਰ ਸ਼ਰਾਬੇ ਤੇ ਹੁੜਦੰਗ ਬਾਜ਼ੀ ਦੇ ਕਸੂਰ ਕੱਸ ਕੇ ਆਪ ਖੁੱਦ ਨੂੰ ਸੰਵਿਧਾਨਕ ਕਦਰਾਂ ਦੀਆਂ ਵਫਾਦਾਰ ਬਣ ਦਸਦੇ ਹਨ । ਜੋ ਵੀ ਉਹਨਾਂ ਨੇ ਜੋ ਕੰਮ ਕਰਾਉਣੇ ਹੁੰਦੇ ਹਨ । ਉਹ ਇਹ ਨਾਂ ਘਮਸਾਣਾਂ ਵਿਚ ਆਪਣਾ ਮਸਲਾ ਹੱਲ ਕਰ ਲੈਂਦੇ ਹਨ । ਜਿਹੜੇ ਨਾ ਹੋਣ ਵਾਲੇ ਕੰਮ ਵੀ ਅਸਾਨੀ ਦੇ ਆਲਮ ਵਿਚ ਢੱਲ ਜਾਂਦੇ ਹਨ । ਕਈ ਜ਼ਰੂਰੀ ਅਹਿਮ ਬਿੱਲ ਵੀ ਬਿਨਾਂ ਚਰਚਾ ਪਾਸ ਹੋਣੇ ਸੌਖੇ ਹੋ ਜਾਂਦੇ ਹਨ । ਕਈ ਵਾਰ ਅਜਿਹੀਆਂ ਪੈਤੜਿਆਂ ਵਿਚ ਵਿਰੋਧੀ ਧਿਰ ਦੀਆਂ ਸਫ਼ਾਂ ਵਿਚ ਨਰਾਜ਼ਗੀ ਉਤਪੰਨ ਹੁੰਦੀ ਹੈ ਅਤੇ ਇਹੋ ਹੀ ਨਰਾਜ਼ਗੀ ਸਫਾਂ ਵਿਚ ਦਰਾੜ ਦੀ ਵਜ੍ਹਾ ਬਣਦੀ ਹੈ ਅਤੇ ਇਜਲਾਸਾ ਵਿਚ ਇਹੋ ਹੀ ਵਰਤਾਰਾ ਵਾਪਰਨਾ ਸ਼ੁਰੂ ਹੋ ਜਾਂਦਾ ਹੈ। ਫਿਰ ਵੀ ਕਿਸੇ ਘਟਨਾ ਕਰਮ ਨਾਲ ਜੁੜੀਆਂ ਘਟਨਾਵਾਂ ਉਹਨਾਂ ਉੱਪਰ ਸੁਹਿਰਦਤਾ ਨਾਲ ਸੰਸਦੀ ਨਜ਼ਰਸਾਨੀ ਹੋਣੀ ਚਾਹੀਦੀ ਹੈ । ਇਸ ਤਰ੍ਹਾਂ ਕਈ ਵਾਰ ਸੰਜੀਦਾ ਮਸਲੇ ਦੇ ਅਮਲ ਹੁਕਮਰਾਨ ਦੇ ਵਿਰੋਧੀ ਧਿਰਾਂ ਦੇ ਅੜੀਅਲ ਵਤੀਰੇ ਦੀ ਭੇਟ ਚੜ੍ਹ ਜਾਂਦਾ ਹੈ । ਚਰਚਾ ਬਹਿਸ ਕਿਵੇਂ ਹੋਣੀ ਚਾਹੀਦੀ ਹੈ । ਜਾਂ ਕਿਸ ਥਾਂ ਤੇ ਹੋਣੀ ਚਾਹੀਦੀ ਹੈ । ਇਸ ਤਰ੍ਹਾਂ ਇਹ ਅਹਿਮੀਅਤ ਸਾਰੀਆਂ ਸੰਸਦੀ ਧਿਰਾਂ ਨੂੰ ਪਛਾਨਣੀ ਚਾਹੀਦੀ ਹੈ । ਅਜਿਹੀਆਂ ਘਟਨਾਵਾਂ ਜਿਵੇਂ ਸੰਭਲ ਲਈ ਝੜਪਾਂ ਅਤੇ ਹੋਰ ਕਈ ਅਜਿਹੀਆਂ ਚਰਚਾਵਾਂ ਆਉਣ ਵਾਲੀਆਂ ਗੱਲਾਂ ਅਜਿਹੇ ਫਿਰਕੂ ਤਣਾਅ ਦੀ ਜੜ੍ਹ ਬਣੇ ਸਰਵੇਖਣ ਉੱਪਰ ਰੋਕ ਲੱਗ ਗਈ ਇੰਝ ਮਾਹੌਲ ਤਣਾਅ ਵਿਸਫੋਟਕ ਬਣਿਆ ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

-------- ਬਾਕੀ ਸਫਾ 3 ਦੀ --------

## ਹਾੜ੍ਹੀ ਦੀਆਂ ਮੁੱਖ ਫਸਲਾਂ ਵਿੱਚ ਸਿੰਚਾਈ ਪ੍ਰਬੰਧਨ

ਹੈ । ਬਹੁਤਾ ਪਾਣੀ ਦੇਣ ਨਾਲ ਬੂਟੇ ਦਾ ਫੁਲਾਟ ਬਹੁਤ ਵੱਧ ਜਾਂਦਾ ਹੈ ਅਤੇ ਫਲ ਘੱਟ ਲੱਗਦਾ ਹੈ ।

**ਮਸਰ** : ਮਸਰ ਨੂੰ ਵਰਖਾ ਦੇ ਆਧਾਰ ਤੇ 1-2 ਪਾਣੀਆਂ ਦੀ ਲੋੜ ਹੈ। ਜੇ ਇਕ ਪਾਣੀ ਦੇਣਾ ਹੋਵੇ ਤਾਂ ਬਿਜਾਈ ਤੋਂ 6 ਹਫਤੇ ਬਾਅਦ ਦਿਓ । ਜੇਕਰ ਦੋ ਪਾਣੀ ਲਾਉਣੇ ਹੋਣ ਤਾਂ ਪਹਿਲਾ ਪਾਣੀ ਬਿਜਾਈ ਤੋਂ 4 ਹਫਤੇ ਬਾਅਦ ਅਤੇ ਦੂਜਾ ਫੁੱਲ ਪੈਣ ਸਮੇਂ ਜਾਂ ਫਲੀਆਂ ਪੈਣ ਸਮੇਂ ਮੌਸਮ ਅਨੁਸਾਰ ਦਿਓ ।

**ਪਕਾਵੇਂ ਮਟਰ** : ਪਕਾਵੇਂ ਮਟਰ ਨੂੰ ਪਹਿਲਾ ਪਾਣੀ ਦਸੰਬਰ ਦੇ ਅਖੀਰ ਵਿਚ ਫੁੱਲ ਪੈਣ ਸਮੇਂ ਅਤੇ ਦੂਸਰਾ ਵਲੀਆਂ ਬਣਨ ਸਮੇਂ ਲਾਉਣਾ ਚਾਹੀਦਾ ਹੈ। ਕਈ ਇਲਾਕਿਆਂ ਵਿਚ ਜੇ ਫਸਲ ਦੇ ਸਮੇਂ ਬਾਰਸ਼ ਹੋ ਜਾਵੇ ਤਾਂ ਸਿਰਫ ਇਕ ਸਿੰਚਾਈ ਦੀ ਜ਼ਰੂਰਤ ਪੈਂਦੀ ਹੈ । ਨੀਮ ਪਹਾੜੀ ਇਲਾਕਿਆਂ ਵਿਚ ਇਸ ਦੀ ਕਾਸ਼ਤ ਬਰਾਨੀ ਇਲਾਕਿਆਂ ਵਿਚ ਵੀ ਕੀਤੀ ਜਾ ਸਕਦੀ ਹੈ ।

**ਬਰਸੀਮ** : ਬੀਜ ਨੂੰ ਉੱਗਣ ਅਤੇ ਚੰਗੇਰੀ ਫਸਲ ਲਈ ਪਹਿਲਾ ਪਾਣੀ ਛੇਤੀ ਹੀ ਦੇਣਾ ਚਾਹੀਦਾ ਹੈ । ਪਹਿਲਾ ਪਾਣੀ ਹਲਕੀਆਂ ਜ਼ਮੀਨਾਂ ਵਿਚ 3-5 ਦਿਨਾਂ ਪਿਛੋਂ ਅਤੇ ਭਾਰੀਆਂ ਜ਼ਮੀਨਾਂ ਵਿਚ 6-8 ਦਿਨਾਂ ਪਿਛੋਂ ਦੇਣਾ ਜ਼ਰੂਰੀ ਹੈ । ਇਸ ਤੋਂ ਬਾਅਦ ਵਾਲੇ ਪਾਣੀ ਗਰਮੀਆਂ ਵਿਚ 8-10 ਦਿਨਾਂ ਪਿਛੋਂ ਅਤੇ ਸਰਦੀਆਂ ਵਿਚ 10-15 ਦਿਨਾਂ ਪਿਛੋਂ ਜ਼ਮੀਨ ਅਤੇ ਮੌਸਮ ਅਨੁਸਾਰ ਦਿੰਦੇ ਰਹਿਣਾ ਚਾਹੀਦਾ ਹੈ । ਰੇਤਲੀ ਮੈਰ੍ਹਾ ਜ਼ਮੀਨ ਵਿਚ ਬਿਜਾਈ ਸਮੇਂ ਚੰਗਾ ਪਾਣੀ ਲਾਉਣ ਤੋਂ ਬਾਅਦ ਟਿਊਬਵੈਲ ਦੇ ਲੂਣੇ ਪਾਣੀ ਨੂੰ ਨਹਿਰੀ ਪਾਣੀ ਨਾਲ ਅਦਲ-ਬਦਲ ਕੇ ਲਾਉ ।

# ਪੰਜਾਬ ਵਿੱਚ ਵਰਤੀਆਂ ਜਾਣ ਵਾਲੀਆਂ ਖਾਦਾਂ ਦਾ ਜ਼ਮੀਨ ਅਤੇ ਫਸਲਾਂ 'ਤੇ ਪ੍ਰਭਾਵ



**ਡਾ. ਐਸ. ਪੀ. ਐਸ. ਬਰਾੜ**
ਡਾਇਰੈਕਟਰ ਪੰਜਾਬ ਐਗਰੀਕਲਚਰ ਮੈਨੇਜਮੈਂਟ ਅਤੇ ਟ੍ਰੇਨਿੰਗ ਇੰਸਟੀਚਿਊਟ (ਰਿਟਾਇਰਡ), ਪੀ. ਏ. ਯੂ., ਲੁਧਿਆਣਾ
ਮੋ: 99151-94104

ਪੰਜਾਬ ਦੀ ਖੇਤੀ ਸਬੰਧੀ ਇਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨ ਰਸਾਇਣਕ ਖਾਦਾਂ ਲੋੜ ਤੋਂ ਜ਼ਿਆਦਾ ਵਰਤਦੇ ਹਨ। ਇਸ ਨਾਲ ਜ਼ਮੀਨ ਜ਼ਹਿਰੀਲੀ ਹੋ ਗਈ ਅਤੇ ਫਸਲਾਂ ਵਿਚ ਵੀ ਕੈਮੀਕਲ ਆ ਗਏ, ਜਿਸ ਨਾਲ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਵੱਧ ਗਈਆਂ। ਅਸਲ ਵਿਚ ਜਦੋਂ ਲੋਕੀ ਇਹ ਗੱਲਾਂ ਕਰਦੇ ਹਨ ਤਾਂ ਮੁਕਾਬਲਾ ਭਾਰਤ ਦੀ ਖਾਦਾਂ ਦੀ ਔਸਤ ਖਪਤ ਨਾਲ ਕਰਦੇ ਹਨ। ਮੁਕਾਬਲੇ ਵੇਲੇ ਭਾਰਤ ਅਤੇ ਪੰਜਾਬ ਦੀ ਅਸਲ ਸਥਿਤੀ ਲਕੋਈ ਜਾਂਦੀ ਹੈ। ਇਹ ਸਾਰਾ ਬਿਰਤਾਂਤ ਕਾਰਪੋਰਟ ਅਤੇ ਉਹਨਾਂ ਪੱਖੀ ਬੁੱਧੀ ਜੀਵੀਆਂ ਵਲੋਂ ਜਾਣ ਬੁੱਝ ਕੇ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਦੀ ਉੱਪਜ ਨਾ ਵਿੱਕੇ, ਕਿਸਾਨ ਕਰਜ਼ਾਈ ਤਾਂ ਪਹਿਲਾਂ ਹੀ ਹਨ। ਕਰਜ਼ੇ ਦੇ ਦੱਬੇ ਕਿਸਾਨ ਜ਼ਮੀਨਾਂ ਵੇਚ ਜਾਣ ਤੇ ਉਹ ਸਸਤੇ ਭਾਅ ਖਰੀਦ ਲੈਣ। ਗੱਲ ਇਹ ਹੈ ਕਿ ਖੁਰਾਕ ਦੀ ਪ੍ਰੋਸੈਸਿੰਗ ਅਤੇ ਬਰਾਮਦ ਤਾਂ ਪਹਿਲਾਂ ਹੀ ਕਾਰਪੋਰੇਟ ਦੇ ਹੱਥ ਹੈ। ਜੇ ਖੁਰਾਕ ਦੀ ਪੈਦਾਵਾਰ ਵੀ ਉਹਨਾਂ ਦੇ ਹੱਥ ਆ ਜਾਏ ਤਾਂ ਖੁਰਾਕ ਤੇ ਪੂਰਾ ਦਾ ਪੂਰਾ ਕਬਜ਼ਾ ਕਾਰਪੋਰੇਟ ਦਾ ਹੋ ਜਾਵੇਗਾ। ਇਸ ਸਾਲ ਬਿਨਾ ਤਫਤੀਸ਼ ਕੀਤੇ ਪੰਜਾਬ ਦੇ ਚੌਲਾਂ ਨੂੰ ਭੰਡਣਾ ਇਸੇ ਦਾ ਨਤੀਜਾ ਹੈ। ਹਾਲਾਂ ਕਿ ਕੇਂਦਰ ਦੇ ਪਿਛਲੇ ਖੇਤੀ ਮੰਤਰੀ ਸ਼੍ਰੀ ਨਰਿੰਦਰ ਤੋਮਰ ਨੇ ਲੋਕ ਸਭਾ ਵਿਚ ਬਿਆਨ ਦਿੱਤਾ ਸੀ ਕਿ ਪੰਜਾਹ ਸਾਲ ਤੋਂ ਚੱਲਦੇ ਤਜਰਬੇ ਦੱਸਦੇ ਹਨ ਕਿ ਸਹੀ ਢੰਗ ਨਾਲ ਖਾਦਾਂ ਵਰਤਣ ਨਾਲ ਜ਼ਮੀਨ ਦੀ ਸਿਹਤ ਵੀ ਠੀਕ ਰਹਿੰਦੀ ਹੈ ਅਤੇ ਉਤਪਾਦਕਤਾ ਵੀ ਬਰਕਰਾਰ ਰਹਿੰਦੀ ਹੈ। ਪੰਜਾਬ ਵਿਚ ਵੀ ਅੱਜ ਤੱਕ ਕਿਤੋਂ ਇਹ ਰਿਪੋਰਟ ਨਹੀਂ ਆਈ ਕਿ ਰਸਾਇਣਕ ਖਾਦਾਂ ਵਰਤਣ ਨਾਲ ਜ਼ਮੀਨ ਖਰਾਬ ਹੋ ਗਈ ਅਤੇ ਫਸਲ ਦਾ ਝਾੜ ਘੱਟ ਗਿਆ। ਜਿੱਥੇਂ ਤਕ ਭਾਰਤ ਦੀ ਔਸਤ ਨਾਲੋਂ ਵੱਧ ਖਾਦਾਂ ਵਰਤਣ ਦਾ ਸਬੰਧੀ ਹੈ ਉਸ ਦੇ ਕਾਰਨ ਹਨ।

ਮੁੱਖ ਕਾਰਨ ਹੈ ਭਾਰਤ ਦਾ ਸਿਰਫ 37 ਪ੍ਰਤੀਸ਼ਤ ਰਕਬਾ ਹੀ ਸਿੰਚਾਈ ਹੇਠ ਹੈ, ਜਦ ਕਿ ਪੰਜਾਬ ਦਾ 98 ਪ੍ਰਤੀਸ਼ਤ ਹੈ। ਫਸਲ ਪਾਣੀ ਦੇ ਨਾਲ ਵੱਧਦੀ ਹੈ ਜੇ ਤੁਹਾਡੇ ਕੋਲ ਪਾਣੀ ਹੀ ਨਹੀਂ ਬਾਰਿਸ਼ ਤੇ ਨਿਰਭਰ ਹੋ ਤਾਂ ਫਸਲ ਦਾ ਝਾੜ ਘੱਟ ਹੋਵੇਗਾ। ਜੇ ਝਾੜ ਘੱਟ ਹੋਵੇਗਾ ਤਾਂ ਖਾਦ ਦੀ ਲੋੜ ਵੀ ਘੱਟ ਪਵੇਗੀ। ਦੂਜੀ ਗੱਲ ਫਾਸਫੋਰਸ ਅਤੇ ਪੋਟਾਸ਼ ਖਾਦਾਂ ਦੀ ਵਰਤੋਂ ਹੀ ਬੀਜਾਈ ਵੇਲੇ ਕੀਤੀ ਜਾਂਦੀ ਹੈ ਜੇ ਬੀਜਾਈ ਵੇਲੇ ਤਰ ਵੱਤਰ ਨਹੀਂ ਤਾਂ ਫਿਰ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ। ਏਸੇ ਕਰਕੇ ਸਮੁੱਚੇ ਭਾਰਤ ਵਿਚ ਖਾਦਾਂ ਦੀ ਔਸਤ ਵਰਤੋਂ 141 ਕਿਲੋ / ਹੈਕਟੇਅਰ ਹੈ ਅਤੇ ਪੰਜਾਬ ਦੀ 254 ਕਿਲੋ / ਹੈਕਟੇਅਰ ਹੈ। ਜੇ ਫਸਲ ਵਿਰਲੀ ਹੈ ਤਾਂ ਕੀੜੇ ਤਾਂ ਬੀਮਾਰੀਆਂ ਵੀ ਘੱਟ ਲੱਗਦੇ ਹਨ। ਏਸੇ ਕਰਕੇ ਭਾਰਤ ਦਾ ਝੋਨੇ ਦਾ ਝਾੜ 42 ਕੁਇੰਟਲ ਪ੍ਰਤੀ ਹੈਕਟੇਅਰ ਹੈ ਜਦ ਕਿ ਪੰਜਾਬ ਦਾ 75 ਕੁਇੰਟਲ ਪ੍ਰਤੀ ਹੈਕਟੇਅਰ ਹੈ। ਕਣਕ ਦੀ ਔਸਤ ਪੈਦਾਵਾਰ ਪੰਜਾਬ ਵਿਚ 50 ਕੁਇੰਟਲ ਪ੍ਰਤੀ ਹੈਕਟੇਅਰ ਹੈ, ਭਾਰਤ ਦੀ 35 ਕੁਇੰਟਲ ਦੇ ਮੁਕਾਬਲੇ ਦੋਨੋਂ ਫਸਲਾਂ ਦਾ ਔਸਤ ਝਾੜ ਪੰਜਾਬ ਦਾ 74 ਫੀਸਦੀ ਵੱਧ ਹੈ। ਜਦੋਂ ਝਾੜ ਵੱਧ ਲੈਣਾ ਹੈ ਤਾਂ ਖੁਰਾਕ ਵੀ ਵੱਧ ਦੇਣੀ ਪਊ।

ਹੁਣ ਗੱਲ ਕਰਦੇ ਹਾਂ ਇਹਨਾਂ ਖਾਦਾਂ ਵਿਚ ਕੀ ਰਸਾਇਣ ਹਨ ਅਤੇ ਕੀ ਉਹ ਜ਼ਹਿਰੀਲੇ ਵੀ ਹੋ ਸਕਦੇ ਹਨ। ਸਭ ਤੋਂ ਵੱਧ ਵਰਤੀ ਜਾਣ ਵਾਲੀ ਖਾਦ ਹੈ ਯੂਰੀਆਂ ਜੋ ਬੂਟੇ ਦੀ ਨਾਈਟਰੋਜਨ ਦੀ ਲੋੜ ਦੀ ਪੂਰਤੀ ਲਈ ਵਰਤੀ ਜਾਂਦੀ ਹੈ। ਬੂਟੇ ਦੀ ਹਰਿਆਵਲ ਜਿਸ ਨੂੰ ਕਲੋਰੋਫਿਲ ਕਹਿੰਦੇ ਹਨ, ਲਈ ਨਾਈਟਰੋਜਨ ਜ਼ਰੂਰੀ ਹੈ ਅਤੇ ਕਲੋਰੋਫਿਲ ਨਾਲ ਹੀ ਫਸਲ ਦੇ ਵੱਧਣ ਫੁੱਲਣ ਲਈ ਪੱਤਿਆਂ ਵਿਚ ਖੁਰਾਕ ਬਣਦੀ ਹੈ। ਇੰਨਾ ਹੀ ਨਹੀਂ ਜਿਹੜੀ ਦਾਣਿਆਂ ਵਿਚ ਪ੍ਰੋਟੀਨ ਬਣਦੀ ਹੈ ਨਾਈਟਰੋਜਨ ਉਸ ਦਾ ਜ਼ਰੂਰੀ ਹਿੱਸਾ ਹੈ। ਕਣਕ ਵਿਚ 12% ਅਤੇ ਚੋਲਾਂ ਵਿਚ 6.5% ਪ੍ਰੋਟੀਨ ਹੁੰਦੀ ਹੈ।

ਏਥੇ ਮੈਂ ਇਹ ਵੀ ਦੱਸ ਦੇਵਾਂ ਕਿ ਇਨਸਾਨ ਦੇ ਖ਼ੂਨ ਵਿਚ ਵੀ 170 ਤੋਂ 300 ਮਿਲੀਗ੍ਰਾਮ ਯੂਰੀਆ ਪ੍ਰਤੀ ਲਿਟਰ ਹੁੰਦਾ ਹੈ। ਸਧਾਰਨ ਆਦਮੀ ਵਿਚ ਤਕਰੀਬਨ 5 ਲਿਟਰ ਖ਼ੂਨ ਹੁੰਦਾ ਹੈ ਅਤੇ ਇਕ ਤੰਦਰੁਸਤ ਆਦਮੀ 24 ਘੰਟੇ ਵਿਚ 25 ਤੋਂ 30 ਗ੍ਰਾਮ ਯੂਰੀਆ ਪਿਸ਼ਾਬ ਰਾਹੀਂ ਬਾਹਰ ਕੱਢਦਾ ਹੈ।

### ਯੂਰੀਆ ਕਿਵੇਂ ਬਣਦਾ ਹੈ

ਹਵਾ ਵਿਚਲੀ ਨਾਈਟਰੋਜਨ ਨੂੰ ਮੀਥੇਨ ਨਾਲ ਰਲਾ ਕੇ ਅਮੋਨੀਆ ਗੈਸ ਤਿਆਰ ਕੀਤੀ ਜਾਂਦੀ ਹੈ ਜਿਹੜੀ ਦਬਾ ਹੇਠਾਂ ਤਰਲ ਵੀ ਬਣ ਜਾਂਦੀ ਹੈ। ਫਿਰ ਤੇਲ ਰਿਫਾਈਨਰੀਆ ਦੀ ਰਹਿੰਦ ਖੂੰਦ ਵਿਚੋਂ ਕਾਰਬਨ ਅਤੇ ਹਾਈਡਰੋਜਨ ਨਾਲ ਮਿਲਾ ਕੇ ਯੂਰੀਆ ਤਿਆਰ ਕੀਤਾ ਜਾਂਦਾ ਹੈ।

ਜਿਹੜੀ ਯੂਰੀਆ ਅਸੀਂ ਫਸਲ ਨੂੰ ਪਾਉਂਦੇ ਹਾਂ ਉਹ ਜ਼ਮੀਨ ਵਿਚਲੇ ਪਾਣੀ ਅਤੇ ਯੂਰੀਏਜ਼ ਇਨਜ਼ਾਈਮ ਦੀ ਸਹਾਇਤਾ ਨਾਲ ਅਮੋਨੀਅਮ ਬਣ ਜਾਂਦਾ ਹੈ। ਯੂਰੀਏ ਵਿਚਲੀ ਕਾਰਬਨ-ਕਾਰਬਨ ਡਾਇਆਕਸਾਈਡ




ਗੈਸ ਦੇ ਰੂਪ ਵਿਚ ਨਿਕਲ ਜਾਂਦੀ ਹੈ। ਜੋ ਫਿਰ ਬੂਟੇ ਫੋਟੋਸਿਨਥਿਸਸ ਲਈ ਵਰਤਦੇ ਹਨ ਕੁਝ ਅਮੋਨੀਅਮ ਜੜ੍ਹਾਂ ਰਾਹੀਂ ਬੂਟੇ ਵਿਚ ਚਲਾ ਜਾਂਦਾ ਹੈ ਪਰ ਬਹੁਤਾ ਬੈਕਟੀਰੀਆ ਰਾਹੀਂ ਪਹਿਲਾਂ ਨਾਈਟਰਾਈਟ ਅਤੇ ਫਿਰ ਦੇ ਰੂਪ ਵਿਚ ਹੀ ਲੈਂਦੀਆਂ ਹਨ। ਜੋ ਯੂਰੀਆ ਅਸੀਂ ਫਸਲ ਨੂੰ ਪਾਉਂਦੇ ਹਾਂ (ਕਣਕ-ਝੋਨਾ) ਤਕਰੀਬਨ 80 ਫੀਸਦੀ ਨਾਈਟਰੋਜਨ ਫਸਲ ਲੈ ਜਾਂਦੀ

> **ਅਸਲ ਵਿਚ ਜਦੋਂ ਲੋਕੀ ਇਹ ਗੱਲਾਂ ਕਰਦੇ ਹਨ ਤਾਂ ਮੁਕਾਬਲਾ ਭਾਰਤ ਦੀ ਖਾਦਾਂ ਦੀ ਔਸਤ ਖਪਤ ਨਾਲ ਕਰਦੇ ਹਨ। ਮੁਕਾਬਲੇ ਵੇਲੇ ਭਾਰਤ ਅਤੇ ਪੰਜਾਬ ਦੀ ਅਸਲ ਸਥਿਤੀ ਲਕੋਈ ਜਾਂਦੀ ਹੈ। ਇਹ ਸਾਰਾ ਬਿਰਤਾਂਤ ਕਾਰਪੋਰਟ ਅਤੇ ਉਹਨਾਂ ਪੱਖੀ ਬੁੱਧੀ ਜੀਵੀਆਂ ਵਲੋਂ ਜਾਣ ਬੁੱਝ ਕੇ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਦੀ ਉੱਪਜ ਨਾ ਵਿੱਕੇ, ਕਿਸਾਨ ਕਰਜ਼ਾਈ ਤਾਂ ਪਹਿਲਾਂ ਹੀ ਹਨ। ਕਰਜ਼ੇ ਦੇ ਦੱਬੇ ਕਿਸਾਨ ਜ਼ਮੀਨਾਂ ਵੇਚ ਜਾਣ ਤੇ ਉਹ ਸਸਤੇ ਭਾਅ ਖਰੀਦ ਲੈਣ। ਗੱਲ ਇਹ ਹੈ ਕਿ ਖੁਰਾਕ ਦੀ ਪ੍ਰੋਸੈਸਿੰਗ ਅਤੇ ਬਰਾਮਦ ਤਾਂ ਪਹਿਲਾਂ ਹੀ ਕਾਰਪੋਰੇਟ ਦੇ ਹੱਥ ਹੈ। ਜੇ ਖੁਰਾਕ ਦੀ ਪੈਦਾਵਾਰ ਵੀ ਉਹਨਾਂ ਦੇ ਹੱਥ ਆ ਜਾਏ ਤਾਂ ਖੁਰਾਕ ਤੇ ਪੂਰਾ ਦਾ ਪੂਰਾ ਕਬਜ਼ਾ ਕਾਰਪੋਰੇਟ ਦਾ ਹੋ ਜਾਵੇਗਾ। ਇਸ ਸਾਲ ਬਿਨਾ ਤਫਤੀਸ਼ ਕੀਤੇ ਪੰਜਾਬ ਦੇ ਚੌਲਾਂ ਨੂੰ ਭੰਡਣਾ ਇਸੇ ਦਾ ਨਤੀਜਾ ਹੈ।**

ਹੈ। ਬਾਕੀ ਕੁੱਝ ਜ਼ਮੀਨ ਵਿਚ ਜੀਵਕ ਮਾਦੇ ਦੇ ਰੂਪ ਵਿਚ ਰਹਿ ਜਾਂਦੀ ਹੈ ਕੁਝ ਨਾਈਟਰੋਜਨ ਗੈਸ ਬਣਕੇ ਫਿਰ ਹਵਾ ਵਿਚ ਮਿਲ ਜਾਂਦੀ ਹੈ। ਜ਼ਮੀਨ ਵਿਚ



ਨਾਈਟਰੇਟ ਪਾਣੀ ਨਾਲ ਉਪਰ-ਥੱਲੇ ਹੁੰਦੇ ਰਹਿੰਦੇ ਹਨ ਪਰ ਫਸਲਾਂ ਦੀਆਂ ਜੜ੍ਹਾਂ ਜਿਸ ਨੂੰ ਰੂਟ ਜੋਨ ਕਿਹਾ ਜਾਂਦਾ ਹੈ ਉਸ ਤੋਂ ਹੇਠਾਂ ਨਹੀਂ ਜਾਂਦੇ। ਜਿਹੜੇ ਨਾਈਟਰੇਟ ਧਰਤੀ ਹੇਠਲੇ ਪਾਣੀ ਵਿਚ ਆਉਂਦੇ ਹਨ ਉਹ ਸ਼ਹਿਰਾਂ ਦੇ ਸੀਵਰ ਸਿਸਟਮ ਅਤੇ ਪਿੰਡਾਂ ਦੀਆਂ ਬੋਰ ਹੋਲ ਲੈਟਰੀਨਾਂ ਅਤੇ




ਛੱਪੜ ਜਿਹੜੇ ਸੀਵਰ ਟੈਂਕ ਬਣੇ ਹਨ ਉਹਨਾਂ ਦੀ ਦੇਣ ਹੈ।

ਦੂਜਾ ਤੱਤ ਹੈ ਫਾਸਫੋਰਸ ਜਿਹੜਾ ਡੀ ਏ ਪੀ ਤੋਂ ਮਿਲਦਾ ਹੈ ਇਹ ਵੀ ਬੂਟੇ ਵਿਚ ਖੁਰਾਕ ਬਣਨ ਲਈ ਜ਼ਰੂਰੀ ਹੈ ਅਤੇ ਇਨਸਾਨਾਂ ਲਈ ਵੀ ਜ਼ਰੂਰੀ ਹੈ। ਜ਼ਮੀਨ ਵਿਚ ਇਹ ਬਹੁਤਾ ਕੈਲਸ਼ੀਅਮ ਫਾਸਫੇਟ ਦੇ ਰੂਪ ਵਿਚ ਹੁੰਦਾ ਹੈ ਪਰ ਇਹ ਫਸਲਾਂ ਦੀ ਲੋੜ ਤੋਂ ਘੱਟ ਹੈ। ਇਹ ਉਹੋ ਹੀ ਕਲਕੇਰੀਆ ਫਾਸ ਹੈ ਜਿਹੜਾ ਹੋਮਿਓਪੈਥੀ ਵਾਲੇ ਡਾਕਟਰ ਬੱਚਿਆਂ ਨੂੰ ਦੰਦ ਕੱਢਣ ਵੇਲੇ ਦਿੰਦੇ ਹਨ ਅਤੇ ਐਲੋਪੈਥੀ ਵਾਲੇ ਗਰਭਵਤੀ ਔਰਤਾਂ ਅਤੇ ਬਜ਼ੁਰਗਾਂ ਨੂੰ ਹੱਡੀਆਂ ਮਜ਼ਬੂਤ ਕਰਨ ਲਈ। ਇਸ ਦੀ ਪੂਰਤੀ ਜ਼ਿਆਦਾਤਰ ਡੀ ਏ ਪੀ ਨਾਲ ਕੀਤੀ ਜਾਂਦੀ ਹੈ। ਡੀ ਏ ਪੀ ਰਾਕ ਫਾਸਫੇਟ ਜੋ ਕਿ ਜਿਪਸਮ ਵਰਗੀ ਮਿੱਟੀ ਹੀ ਹੁੰਦੀ ਹੈ ਉਸ ਤੋਂ ਬਣਦੀ ਹੈ ਰਾਕ ਫਾਸਫੇਟ ਨੂੰ ਪਹਿਲਾ ਸਲਫਿਊਰਿਕ ਐਸਿਡ ਜਿਸ ਨੂੰ ਗੰਧਕ ਦਾ ਤੇਜ਼ਾਬ ਕਿਹਾ ਜਾਂਦਾ ਹੈ ਉਸ ਨਾਲ ਮਿਲਾ ਕੇ ਫਾਸਫੋਰਿਕ ਐਸਿਡ ਬਣਾਇਆ ਜਾਂਦਾ ਹੈ ਫਿਰ ਇਸ ਨੂੰ ਅਮੋਨੀਆਂ ਨਾਲ ਮਿਲਾ ਕੇ ਡੀ ਏ ਪੀ ਬਣ ਜਾਂਦੀ ਹੈ।

ਜਿੰਨੀ ਅਸੀਂ ਫਾਸਫੋਰਸ ਡੀ ਏ ਪੀ ਰਾਹੀਂ ਦੋਨੋਂ ਫਸਲਾਂ ਨੂੰ ਪਾਉਂਦੇ ਹਾਂ ਤਕਰੀਬਨ ਉਨੀ ਹੀ ਫਸਲ ਲੈ ਜਾਂਦੀ ਹੈ। ਜੇ ਥੋੜੀ ਬਹੁਤ ਫਸਲ ਤੋਂ ਬਚ ਵੀ ਗਈ ਉਹ ਜ਼ਮੀਨ ਵਿਚਲੇ ਕੈਲਸ਼ੀਅਮ / ਮੈਗਨੀਸ਼ੀਅਮ ਨਾਲ ਰਲ ਕੇ ਕੈਲਸੀਅਮ ਫਾਸਫੇਟ ਵਿਚ ਤਬਦੀਲ ਹੋ ਜਾਂਦੀ ਹੈ ਅਤੇ ਘੁਲਣਸ਼ੀਲ ਨਹੀਂ ਰਹਿੰਦੀ।

ਤੀਜੀ ਖਾਦ ਹੈ ਪੋਟਾਸ਼ ਜੋ ਬਹੁਤ ਥੋੜੇ ਕਿਸਾਨ ਹੀ ਵਰਤਦੇ ਹਨ ਜ਼ਿਆਦਾਤਰ ਆਲੂਆਂ ਦੀ ਖੇਤੀ ਵਾਲੇ ਹੀ ਇਸ ਦੀ ਵਰਤੋਂ ਕਰਦੇ ਹਨ। ਇਸ ਦਾ ਕਾਰਨ ਹੈ ਕਿ ਪੰਜਾਬ ਦੀਆਂ ਜ਼ਮੀਨਾਂ ਵਿਚ ਇਹ ਤੱਤ ਦਰਮਿਆਨੇ ਤੋਂ ਜ਼ਿਆਦਾ ਹੈ ਅਤੇ ਆਮ ਫਸਲਾਂ ਦੀ ਲੋੜ ਪੂਰੀ ਕਰਦੀ ਹੈ। ਟਿਊਬਵੈੱਲਾਂ ਦੇ ਪਾਣੀਆਂ ਵਿਚ ਵੀ ਇਹ ਪੋਆਸ਼ 7 ਤੋਂ 10 ਪੀ ਪੀ ਐਮ ਹੈ। ਖਾਦ ਦੇ ਰੂਪ ਵਿਚ ਇਹ ਮਿਊਰੇਟ ਆਫ ਪੋਟਾਸ਼ (ਪੋਟਾਸ਼ੀਆ ਕਲੋਰਾਈਡ) ਵਰਤਿਆ ਜਾਂਦਾ ਹੈ ਦੋਨੋਂ ਹੀ ਤੱਤ ਇਨਸਾਨਾਂ ਲਈ ਵੀ ਜ਼ਰੂਰੀ ਹਨ ਅਤੇ ਖ਼ੂਨ ਵਿਚ ਪਾਏ ਜਾਂਦੇ ਹਨ।

ਚੌਥਾ ਤੱਤ ਹੈ ਜ਼ਿੰਕ ਸਲਫੇਟ ਜਿਹੜਾ 5-10 ਕਿਲੋ ਪ੍ਰਤੀ ਏਕੜ ਸਿਰਫ ਘਾਟ ਵਾਲੀਆਂ ਜ਼ਮੀਨਾਂ ਵਿਚ ਵਰਤਿਆ ਜਾਂਦਾ ਹੈ। ਜ਼ਮੀਨ ਵਿਚ ਇਸ ਦੀ ਘੁਲਣਸ਼ੀਲਤਾ ਘੱਟ ਜਾਂਦੀ ਹੈ ਅਤੇ ਜਿਹੜਾ ਫਸਲ ਤੋਂ ਵੱਧ ਗਿਆ ਉਹ ਮਿਨਰਲ ਦੇ ਰੂਪ ਵਿਚ ਪਿਆ ਰਹਿੰਦਾ ਹੈ। ਬੀਕਾਸੂਲ ਜੈਡ ਦੇ ਕੈਪਸੂਲਾਂ ਵਿਚ ਜ਼ੈਡ ਜਿੰਕ ਹੀ ਹੈ ਜੋ ਡਾਕਟਰ ਤਾਕਤ ਲਈ ਦਿੰਦੇ ਹਨ।

**ਸੰਤੁਲਿਤ ਖਾਦਾਂ ਦੀ ਵਰਤੋਂ** : ਸਰਕਾਰ ਵਲੋਂ ਸੰਤੁਲਿਤ ਖਾਦਾਂ ਦੀ ਵਰਤੋਂ ਤੇ ਜ਼ੋਰ ਦਿਤਾ ਜਾ ਰਿਹਾ ਹੈ। ਸੰਤੁਲਤ ਵਰਤੋਂ ਐਨ ਪੀ ਕੇ ਨੂੰ ਕਰਮਵਾਰ 4:2:1 ਦੇ ਹਿਸਾਬ ਨਾਲ ਵਰਤਣ ਨੂੰ ਕਿਹਾ ਜਾ ਰਿਹਾ ਹੈ। ਜਦ ਕਿ ਪੰਜਾਬ ਵਿਚ ਕਿਸਾਨ ਮਿੱਟੀ ਪਰਖ ਅਤੇ ਫਸਲ ਦੀ ਲੋੜ ਅਨੁਸਾਰ ਵਰਤਦੇ ਹਨ। ਜਿਸ ਨੂੰ ਜ਼ਮੀਨੀ ਹਕੀਕਤ ਤੋਂ ਅਨਜਾਣ ਪ੍ਰਬੰਧਕ ਅਤੇ ਸਾਇੰਸਦਾਨ ਗਲਤ ਦਸਦੇ ਹਨ। ਖੇਤ ਵਿਚ ਕੰਮ ਕਰਨ ਵਾਲੇ ਨੂੰ ਪਤਾ ਹੁੰਦਾ ਹੈ ਕਿ ਫਸਲ ਕੀ ਮੰਗਦੀ ਹੈ।

**ਯੂਰੀਏ ਦੀ ਗੈਰ ਖੇਤੀ ਵਰਤੋਂ** : ਖੇਤੀ ਤੋਂ ਇਲਾਵਾ ਪਸ਼ੂਆਂ ਦੀ ਖੁਰਾਕ ਵਿਚ ਪ੍ਰੋਟੀਨ ਵਧਾਉਣ ਲਈ ਵੀ ਵਰਤਿਆ ਜਾਂਦਾ ਹੈ। ਕੈਮੀਕਲ ਫੈਕਟਰੀਆਂ ਲਈ ਇਹ ਮਹੱਤਵਪੂਰਣ ਕੱਚਾ ਮਾਲ ਹੈ। ਇਹ ਪਲਾਸਟਿਕ ਇੰਡਸਟਰੀ ਦਾ ਮੁੱਢਲਾ ਸਰੋਤ ਹੈ। ਯੂਰੀਏ ਤੋਂ ਰੇਸਿਨ ਬਣਦੀ ਹੈ ਜੋ ਪਲਾਈਵੁੱਡ ਅਤੇ ਪਲਾਈਬੋਰਡ ਆਦਿ ਬਣਾਉਣ ਲਈ ਵਰਤੀ ਜਾਂਦੀ ਹੈ। ਯੂਰੀਆ ਕੱਪੜਾ ਉਦਯੋਗ ਵਿਚ ਕੱਪੜੇ ਨੂੰ ਰੰਗ ਅਤੇ ਫਿਨਿਸ਼ਿੰਗ ਦੇਣ ਲਈ ਵੀ ਵਰਤਿਆ ਜਾਂਦਾ ਹੈ। ਯੂਰੀਆ ਕਾਸਮੇਟਿਕਸ ਵਿਚ ਵੀ ਵਰਤਿਆ ਜਾਂਦਾ ਹੈ। ਬਹੁਤ ਸਾਰੀਆਂ ਸ਼ਿੰਗਾਰ ਲਈ ਵਰਤੀਆਂ ਜਾਣ ਵਾਲੀਆਂ ਕਰੀਮਾਂ ਵਿਚ ਵਰਤਿਆ ਜਾਂਦਾ ਹੈ। ਇਹ ਚਮੜੀ ਵਿਚ ਤਰਾਉਤ (ਮੋਇਸਚਰਾਈਜ) ਲਿਆਉਂਦਾ ਹੈ। ਕੰਨਾਂ ਅਤੇ ਨੋਹਾਂ ਨੂੰ ਸਾਫ ਕਰਨ ਲਈ ਵੀ ਵਰਤਿਆ ਜਾਂਦਾ ਹੈ। ਹੋਰ ਵੀ ਬਹੁਤ ਸਾਰੀਆਂ ਦਵਾਈਆਂ ਵਿਚ ਵਰਤਿਆ ਜਾਂਦਾ ਹੈ। ਅੰਤੜੀ ਰੋਗਾਂ ਦੀ ਇੰਨਫੈਕਸ਼ਨ ਚੈਕ ਕਰਨ ਵਾਲੇ ਬਰੀਦ (ਸਾਹ) ਟੈਸਟ ਲਈ ਵੀ ਵਰਤਿਆ ਜਾਂਦਾ ਹੈ।

ਇਹ ਘੋਖਣ ਦੀ ਲੋੜ ਹੈ ਕਿ ਕਿੰਨਾ ਯੂਰੀਆ ਇੰਡਸਟਰੀ ਵਿਚ ਵਰਤਿਆ ਜਾਂਦਾ ਹੈ।

**ਨਿਚੋੜ** : ਇਹ ਸਾਰੀ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਕੋਈ ਵੀ ਰਸਾਇਣਕ ਖਾਦ ਫਾਲਤੂ ਨਹੀਂ ਵਰਤੀ ਜਾਂਦੀ। ਜਿਹੜੀ ਖਾਦ ਵਰਤੀ ਜਾਂਦੀ ਹੈ ਉਹ ਜ਼ਮੀਨ ਪਾਣੀ, ਬੂਟੇ ਅਤੇ ਖੁਰਾਕ ਵਿਚ ਜ਼ਹਿਰ ਦਾ ਰੂਪ ਨਹੀਂ ਧਾਰਦੀ। ਇਹ ਸਾਰਾ ਕੂੜ ਪ੍ਰਚਾਰ ਦੇਸ਼ ਦੀ ਅੰਨ ਸੁਰੱਖਿਆ ਅਤੇ ਪੰਜਾਬ ਦੀ ਕਿਸਾਨੀ ਨੂੰ ਕਮਜ਼ੋਰ ਕਰਨ ਲਈ ਹੋ ਰਿਹਾ ਹੈ।

# ਕਿਸਾਨ ਹੁਣ ਮੰਡੀ ਲਈ ਖੇਤੀ ਕਰਦੇ ਹਨ

ਪੰਜਾਬ ਦੀ ਖੇਤੀ ਵਿਚ ਪਿਛਲੀ ਅੱਧੀ ਸਦੀ ਦੌਰਾਨ ਬੜੀ ਤੇਜ਼ੀ ਨਾਲ ਤਬਦੀਲੀ ਆਈ ਹੈ। ਇਸੇ ਤਬਦੀਲੀ ਕਾਰਨ ਹੀ ਪੰਜਾਬੀਆਂ ਦੇ ਰਹਿਣ-ਸਹਿਣ, ਖਾਣ-ਪੀਣ, ਭਾਈਚਾਰਕ ਸਾਂਝ ਆਦਿ ਵਿਚ ਵੀ ਉਸੇ ਤੇਜ਼ੀ ਨਾਲ ਤਬਦੀਲੀ ਆਈ ਹੈ। ਅੱਜ ਤੋਂ ਅੱਧੀ ਸਦੀ ਪਹਿਲਾਂ ਰਵਾਇਤੀ ਖੇਤੀ ਸੀ। ਜੇਕਰ ਇਹ ਵੀ ਆਖ ਲਿਆ ਜਾਵੇ ਕਿ ਇਹ ਇਕ ਜੀਵਨ ਜੀਊਣ ਦਾ ਢੰਗ ਸੀ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ। ਹਰੇਕ ਕਿਸਾਨ ਪਰਿਵਾਰ ਉਨ੍ਹਾਂ ਸਾਰੀਆਂ ਵਸਤਾਂ ਦੀ ਖੇਤੀ ਕਰਦਾ ਸੀ ਜਿਸ ਦੀ ਘਰ ਵਿਚ ਲੋੜ ਹੁੰਦੀ ਸੀ। ਮੰਡੀ ਬਾਰੇ ਤਾਂ ਉਸ ਕਦੇ ਸੋਚਿਆ ਹੀ ਨਹੀਂ ਸੀ। ਹਾੜੀ ਵਿਚ ਕੁਝ ਕਣਕ ਮੰਡੀ ਵਿਚ ਮਜ਼ਬੂਰੀ ਵਸ ਵੇਚਣੀ ਪੈਂਦੀ ਸੀ। ਇਸ ਦਾ ਮੁੱਖ ਕਾਰਨ ਘਰ ਦੀਆਂ ਗਰਜ਼ਾਂ ਪੂਰੀਆਂ ਕਰਨ ਲਈ ਆੜਤੀਏ ਤੋਂ ਫੜੇ ਪੈਸੇ ਸਨ ਜਾਂ ਪਰਿਵਾਰ ਵਿਚ ਕਿਸੇ ਵਿਆਹ ਸ਼ਾਦੀ ਦੇ ਆਉਣ ਕਰਕੇ ਪੈਸਿਆਂ ਦੀ ਲੋੜ ਪੈਂਦੀ ਸੀ। ਪੈਸੇ ਤਾਂ ਹੁੰਦੇ ਹੀ ਨਹੀਂ ਸਨ। ਇਕ ਰੁਪੈ ਦੀ ਬਹੁਤ ਵੁਕਤ ਹੁੰਦੀ ਸੀ। ਮੁੰਡੇ ਕੁੜੀ ਦੀ ਮੰਗਣੀ ਸਮੇਂ ਬਹੁਤੀ ਵੇਰ ਸ਼ਗਨ ਵਿਚ ਸਵਾ ਰੁਪਿਆ ਅਤੇ ਸੱਤ ਛੁਆਰੇ ਹੀ ਪਾਏ ਜਾਂਦੇ ਸਨ। ਔਰਤਾਂ ਨੇ ਹੱਟੀ ਤੋਂ ਜੇਕਰ ਕੋਈ ਸੌਦਾ ਲੈਣਾ ਹੁੰਦਾ ਸੀ ਤਾਂ ਪੱਲੇ ਵਿਚ ਦਾਣੇ ਪਾ ਕੇ ਹੀ ਜਾਂਦੀਆਂ ਸਨ। ਇਥੋਂ ਤੱਕ ਕਿ ਗੁਰਦੁਆਰੇ ਮੱਥਾ ਟੇਕਣ ਸਮੇਂ ਵੀ ਬੀਬੀਆਂ ਥਾਲੀ ਵਿਚ ਦਾਣੇ ਹੀ ਲੈ ਕੇ ਜਾਂਦੀਆਂ ਸਨ। ਬਹੁਤੇ ਘਰ ਕੱਚੇ ਹੀ ਹੁੰਦੇ ਸਨ। ਪੱਕੇ ਘਰ ਕੇਵਲ ਉਨ੍ਹਾਂ ਦੇ ਸਨ ਜਿਹੜੇ ਬਾਹਰ ਨੌਕਰੀ ਕਰਦੇ ਸਨ ਜਾਂ ਸ਼ਾਹੂਕਾਰਾਂ ਦੇ ਸਨ। ਆਵਾਜਾਈ ਦੇ ਸਾਧਨ ਸੀਮਤ ਸਨ। ਆਮ ਕਰਕੇ ਹਰ ਥਾਂ ਪੈਦਲ ਹੀ ਜਾਇਆ ਜਾਂਦਾ ਸੀ।

ਪਹਿਲਾਂ ਕਣਕ ਤੇ ਪਿੱਛੋਂ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਆਈਆਂ ਉਦੋਂ ਪਹਿਲੀ ਵਾਰ ਕਿਸਾਨ ਨੇ ਪੈਸੇ ਦਾ ਮੂੰਹ ਵੇਖਿਆ। ਸਰਕਾਰ ਨੂੰ ਅਨਾਜ ਦੀ ਲੋੜ ਸੀ। ਨਵੀਆਂ ਕਿਸਮਾਂ ਦੀ ਖੇਤੀ ਸਿੰਚਾਈ ਸਹੂਲਤਾਂ ਨਾਲ ਹੀ ਕੀਤੀ ਜਾ ਸਕਦੀ ਸੀ। ਪਿੰਡਾਂ ਵਿਚ ਬਿਜਲੀ ਪਹੁੰਚਾਈ ਗਈ। ਟਿਊਬਵੈਲ



ਲਗਾਉਣ ਲਈ ਕਰਜ਼ੇ ਦਿੱਤੇ ਗਏ। ਸਿੰਚਾਈ ਸਹੂਲਤਾਂ ਦੇ ਵਾਧੇ ਨਾਲ ਕਿਸਾਨ ਨੇ ਵੱਧ ਤੋਂ ਵੱਧ ਰਕਬੇ ਵਿਚ ਕਣਕ ਦੀ ਖੇਤੀ ਸ਼ੁਰੂ ਕੀਤੀ। ਇਸ ਤੋਂ ਪਹਿਲਾਂ ਖੂਹ ਦੇ ਲਾਗੇ ਕੁਝ ਕੁ ਰਕਬੇ ਵਿਚ ਹੀ ਬੀਜੀ ਜਾਂਦੀ ਸੀ। ਜਿੱਥੇ ਪਾਣੀ ਨਹੀਂ ਲੱਗਦਾ ਸੀ ਉੱਥੇ ਜੌਂ, ਛੋਲੇ, ਸਰ੍ਹੋਂ, ਮਸਰ ਆਦਿ ਬੀਜੇ ਜਾਂਦੇ ਸਨ ਜਿਨ੍ਹਾਂ ਦੀ ਸਫਲਤਾ ਮੀਂਹ ਉਤੇ ਨਿਰਭਰ ਕਰਦੀ ਸੀ।

ਸਰਕਾਰ ਨੇ ਬਿਜਲੀ ਦਾ ਫਲੈਟ ਰੇਟ ਕਰ ਦਿੱਤਾ ਇੰਝ ਪਾਣੀ ਦੇ ਪਾਬੰਦੀ ਜਾਂਦੀ ਰਹੀ। ਕਿਸਾਨਾਂ ਅੰਦਰ ਹੋਰ ਸਾਰੀਆਂ ਫਸਲਾਂ ਛਡ ਕਣਕ ਬੀਜਣ ਦਾ ਰੁਝਾਨ ਵਧਿਆ। ਇਥੋਂ ਤੱਕ ਕਿ ਚਰਾਂਦਾ, ਰੁੱਖਾਂ ਦੀ ਝਿੜੀਆਂ ਅਤੇ ਬੰਜ਼ਰ ਜ਼ਮੀਨਾਂ ਨੂੰ ਵੀ ਵਾਹੀ ਹੇਠ ਲਿਆਂਦਾ ਗਿਆ। ਕਣਕ ਪਹਿਲਾਂ ਦੀ ਰੂੜੀ ਦੀ ਲੋੜ ਪੈਂਦੀ ਸੀ ਪਰ ਉਹ ਲੋੜ ਘਰੋਂ ਹੀ ਪੂਰੀ ਹੋ ਜਾਂਦੀ ਸੀ ਕਿਉਂਕਿ ਹਰੇਕ ਟੱਬਰ ਕੋਲ ਸਤ-ਅੱਠ ਡੰਗਰ ਤਾਂ ਹੁੰਦੇ ਹੀ ਸਨ। ਵੱਡੇ ਲਾਣੇ ਬੇਜ਼ਮੀਨੇ ਪਿੰਡ ਵਾਲਿਆਂ ਤੋਂ ਰੂੜੀ ਮੁੱਲ ਲੈ ਲੈਂਦੇ ਸਨ। ਪਰ ਬਹੁਤੀ ਧਰਤੀ ਕਣਕ ਦੀਆਂ ਉਹ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਹੇਠ ਆ ਗਈ ਹੈ। ਇੰਝ ਰੂੜ੍ਹੀ ਦੀ ਲੋੜ ਵੀ ਵਧ ਗਈ। ਜੇਕਰ ਕੋਈ ਮੱਝ ਜਾਂ ਗਾਂ ਵੱਧ ਦੁੱਧ ਦਿੰਦੀ ਹੈ ਤਾਂ ਉਸ ਦੀ ਖੁਰਾਕ ਵਿਚ ਵੀ ਵਾਧਾ ਕੀਤਾ ਜਾਂਦਾ ਹੈ। ਘਰ ਦਾ ਕੋਈ ਮੁੰਡਾ ਜੇਕਰ ਪਹਿਲਵਾਨੀ ਕਰਦਾ ਹੈ ਤਾਂ ਉਸ ਦੀ ਖੁਰਾਕ ਵਿਚ ਵੀ ਵਾਧਾ ਕੀਤਾ ਜਾਂਦਾ ਹੈ। ਮਾਹਿਰਾਂ ਨੇ ਕਿਸਾਨਾਂ ਨੂੰ ਰਸਾਇਣਕ ਖਾਦਾਂ ਦੀ ਸਿਫਾਰਸ਼ ਕੀਤੀ। ਇਨ੍ਹਾਂ ਵਿਚ ਲੋੜੀਂਦੇ ਖੁਰਾਕੀ ਤੱਤ ਪਾਏ ਜਾਂਦੇ ਹਨ, ਸਰਕਾਰ ਨੇ ਵੀ ਰਿਆਇਤੀ ਕੀਮਤ ਉੱਤੇ ਖਾਦ ਦੀ ਪਹੁੰਚ ਪਿੰਡਾਂ ਦੀ ਸੁਸਾਇਟੀਆਂ ਤੱਕ ਕਰ ਦਿੱਤੀ। ਕਿਸਾਨਾਂ ਨੇ ਜਦੋਂ ਇਨ੍ਹਾਂ ਖਾਦਾਂ ਦਾ ਚਮਤਕਾਰ ਵੇਖਿਆ ਤਾਂ ਉਹ ਆਪਣੇ ਆਪ ਇਸ ਦੀ ਵਧ ਤੋ ਵੱਧ ਵਰਤੋਂ ਕਰਨ ਲੱਗ ਪਏ। ਕਣਕ ਵਿਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕੀਤੀ ਜਾਂਦੀ ਸੀ। ਪਰ ਰਕਬੇ ਵਿਚ ਹੋਏ ਤੇਜ਼ੀ ਨਾਲ ਵਾਧੇ ਕਾਰਨ ਗੋਡੀ ਕਰਨੀ ਮੁਸ਼ਕਿਲ ਹੋਈ ਤਾਂ ਮਾਹਿਰਾਂ ਨੇ ਨਦੀਨ ਨਾਸ਼ਕਾਂ ਦੀ ਸਿਫਾਰਸ਼ ਕਰ ਦਿੱਤੀ। ਇਹ ਆਖਿਆ ਜਾਂਦਾ ਹੈ ਕਿ ਪੰਜਾਬ ਵਿਚ ਪ੍ਰਤੀ ਏਕੜ ਰਸਾਇਣਾਂ ਦੀ ਸਾਰੇ ਦੇਸ਼ ਨਾਲੋਂ ਵੱਧ ਵਰਤੋਂ ਕੀਤੀ ਜਾਂਦੀ ਹੈ ਪਰ ਉਹ ਭੁਲ ਜਾਂਦੇ ਹਨ ਕਿ ਪੰਜਾਬ ਦੀ ਵਾਹੀ ਹੇਠ ਸਾਰੀ ਧਰਤੀ ਸੇਂਜੂ ਹੋਣ ਕਰਕੇ ਇਹ ਮਿਕਦਾਰ ਵੱਧ ਜਾਪਦੀ ਹੈ। ਦੂਜੇ ਸੂਬਿਆਂ ਵਿਚ ਅਜੇ ਵੀ ਅੱਧੀ ਖੇਤੀ ਮਾਰੂ ਹੈ ਭਾਵ ਸਿੰਚਾਈ ਸਹੂਲਤਾਂ ਤੋਂ ਸੱਖਣੀ ਹੈ।

ਜਦੋਂ ਦੇਸ਼ ਅਜ਼ਾਦ ਹੋਇਆ ਤਾਂ ਪੰਜਾਬ ਵੰਡਿਆ ਗਿਆ। ਖਾਲੀ ਹੱਥ ਉੱਧਰੋਂ ਉਜੜ ਕੇ ਆਏ ਲੋਕਾਂ ਨੂੰ ਜਦੋਂ ਇਧਰ ਜ਼ਮੀਨ ਅਲਾਟ ਹੋਈ ਉਹ ਸਥਾਨਕ ਕਿਸਮਾਂ ਨਾਲੋਂ ਵੱਧ ਸੀ। ਉਹ ਗੱਲ ਵੱਖਰੀ ਹੈ ਕਿ ਉਸ ਪਾਸੇ ਜਿਸ ਕੋਲ ਦੋ ਮੁਰੱਬੇ ਸਨ ਉਸ ਨੂੰ ਇਧਰ ਵੱਧ ਤੋਂ ਵੱਧ ਇਕ ਮੁਰੱਬਾ ਮਿਲਿਆ। ਇਹ ਲੋਕ ਸੇਂਜੂ ਖੇਤੀ ਦੇ ਆਦੀ ਸਨ। ਜਦੋਂ ਇਨ੍ਹਾਂ ਨੂੰ ਸਿੰਚਾਈ ਸਹੂਲਤ ਮਿਲੀ ਭਾਵੇਂ ਉਹ ਟਿਊਬਵੈਲ ਸੀ ਜਾਂ ਨਹਿਰੀ ਪਾਣੀ ਇਨ੍ਹਾਂ ਸਾਲ ਵਿਚ ਦੋ ਫਸਲਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਕਣਕ ਤੇ ਮੁੜ ਝੋਨੇ ਦੀਆਂ ਵਧ ਝਾੜ ਦੇਣ ਵਾਲੀਆਂ ਕਿਸਮਾਂ ਨੇ ਕਿਸਾਨਾਂ ਦੀ ਆਮਦਨ ਵਿਚ ਅਚਾਨਕ ਵਾਧਾ ਕੀਤਾ ਜਿਸ ਦਾ ਇਹ ਅਸਰ ਹੋਇਆ ਕਿ ਕਿਸਾਨਾਂ ਨੇ ਹੁਣ ਮੰਡੀ ਲਈ ਪੈਦਾਵਾਰ ਸ਼ੁਰੂ ਕਰ ਦਿੱਤੀ। ਸਰਕਾਰ ਨੇ ਇਕ ਪਹਿਲਾਂ ਮਿੱਥੀ ਹੋਈ ਕੀਮਤ ਉੱਤੇ ਖਰੀਦ ਨੂੰ ਯਕੀਨੀ ਬਣਾਇਆ ਤਾਂ ਕਿਸਾਨਾ ਨੇ ਹੋਰ ਸਾਰੀਆਂ ਫਸਲਾਂ ਵੱਲੋਂ ਮੁੱਖ ਮੋੜ ਵੱਧ ਤੋਂ ਵੱਧ ਰਕਬੇ ਵਿਚ ਕਣਕ ਝੋਨੇ ਦੀ ਖੇਤੀ ਸ਼ੁਰੂ ਕਰ ਦਿੱਤੀ। ਬਲਦਾਂ ਨਾਲ ਅਜੇਹਾ ਕਰਨਾ ਮੁਸ਼ਕਿਲ ਸੀ। ਕੰਪਨੀਆਂ ਤਾਂ ਹਮੇਸ਼ਾਂ ਨਵੀਆਂ ਮੰਡੀਆਂ ਦੀ ਭਾਲ ਵਿਚ ਰਹਿੰਦੀਆਂ ਹਨ। ਉਨ੍ਹਾਂ ਪੰਜਾਬ ਵਿਚ ਟ੍ਰੈਕਟਰ ਬਣਾਉਣੇ ਸ਼ੁਰੂ ਕੀਤੇ ਅਤੇ ਕਿਸਾਨਾਂ ਨੂੰ ਖਰੀਦਣ ਲਈ ਉਤਸ਼ਾਹਿਤ ਕੀਤਾ। ਹੁਣ ਪੰਜਾਬ ਦੀ ਸਾਰੀ ਖੇਤੀ ਮਸ਼ੀਨੀ ਹੋ ਗਈ ਹੈ। ਟ੍ਰੈਕਟਰ ਦੀ ਵਾਹੀ ਲਈ ਘੱਟੋ ਘੱਟ 10 ਏਕੜ



ਡਾ. ਰਣਜੀਤ ਸਿੰਘ

ਧਰਤੀ ਚਾਹੀਦੀ ਹੈ। ਇਸ ਨਾਲ ਪੰਜਾਬ ਵਿਚ ਜ਼ਮੀਨ ਠੇਕੇ ਉੱਤੇ ਲੈਣ ਦਾ ਰੁਝਾਨ ਵਧਿਆ। ਇਸੇ ਕਰਕੇ ਪੰਜਾਬ ਵਿਚ ਧਰਤੀ ਦਾ ਠੇਕਾ ਸਾਰੇ ਦੇਸ਼ ਨਾਲੋਂ ਵੱਧ ਹੈ। ਕਈ ਥਾਵੀਂ ਤਾਂ ਇਹ 70 ਹਜ਼ਾਰ ਪ੍ਰਤੀ ਏਕੜ ਤੱਕ ਹੋ ਗਿਆ ਹੈ।

ਪੰਜਾਬ ਦੇ ਕਿਸਾਨ ਦੀ ਜੇਬ ਵਿਚ ਆਏ ਪੈਸੇ ਨੇ ਤੇਜ਼ੀ ਨਾਲ ਜੀਵਨ ਸ਼ੈਲੀ ਨੂੰ ਬਦਲਿਆ ਘਰ ਪੱਕੇ ਬਣ ਗਏ, ਪਿੰਡਾਂ ਵਿਚ ਬਿਜਲੀ ਆਉਣ ਨਾਲ ਘਰਾਂ ਵਿਚ ਪੱਖੇ, ਟੀ.ਵੀ. ਫਰਿੱਜ, ਮੇਜ, ਕੁਰਸੀਆਂ, ਪਲੰਘ ਸੋਫੇ ਆਉਣ ਲੱਗ ਪਏ। ਮੋਟਰ ਸਾਈਕਲ ਤਾਂ ਹਰੇਰ ਘਰ ਵਿਚ ਹੀ ਹੈ। ਇਨ੍ਹਾਂ ਵਿਚੋਂ ਬਹੁਤੀਆਂ ਵਸਤਾਂ ਵਿਆਹਾਂ ਵਿਚ ਦਹੇਜ ਦੇ ਰੂਪ ਵਿਚ ਵੀ ਆਈਆਂ। ਪਿੰਡਾਂ ਦੇ ਮੁੰਡੇ ਪੜ੍ਹੇ ਤੇ ਉਨ੍ਹਾਂ ਨੂੰ ਨੌਕਰੀਆਂ ਮਿਲੀਆਂ। ਪੜ੍ਹੇ ਲਿਖੇ ਬੱਚੇ ਪਿੰਡ ਵਿਚ ਪਿੱਛੇ ਸੰਯੁਕਤ ਪਰਿਵਾਰਾਂ ਵਿਚ ਰਹਿਣ ਤੋਂ ਮੁੱਖ ਮੋੜਨ ਲੱਗ ਪਏ। ਬੱਚਿਆਂ ਦੀ ਚੰਗੇ ਸਕੂਲਾਂ ਵਿਚ ਪੜ੍ਹਾਈ ਵੀ ਇਕ ਕਾਰਨ ਬਣਿਆ। ਨੌਕਰੀ ਕਰਦੇ ਮੁੰਡੇ ਆਪਣੇ ਪਰਿਵਾਰ ਨਾਲ ਸ਼ਹਿਰ ਆ ਵਸੇ। ਆਪਣੇ ਹਿੱਸੇ ਦੀ ਜ਼ਮੀਨ ਬਟਾਈ ਦੀ ਥਾਂ ਠੇਕੇ ਉੱਤੇ ਦੇਣੀ ਪਈ। ਵਿਦੇਸ਼ਾਂ ਵਲ ਜਾਣ ਦੇ ਰੁਝਾਨ ਵਿਚ ਵਾਧਾ ਹੋਇਆ। ਜਿਹੜੇ ਕਦੇ ਪਹਿਲਾਂ ਗਏ ਸਨ, ਉਨ੍ਹਾਂ ਦੇ ਟੱਬਰ ਪਿੱਛੇ ਸਨ। ਉਹ ਕਮਾਈ ਕਰਕੇ ਪਿੰਡ ਹੋਰ ਜ਼ਮੀਨ ਖਰੀਦਦੇ ਅਤੇ ਵਧੀਆ ਘਰ ਬਣਾਉਂਦੇ ਸਨ। ਪੰਜਾਬ ਦੇ ਵਿਗੜੇ ਮਾਹੌਲ ਕਾਰਨ ਇਨ੍ਹਾਂ ਲੋਕਾਂ ਨੇ ਪ੍ਰਦੇਸ਼ਾਂ ਵਿਚ ਪੱਕਾ ਵਸੇਵਾ ਕਰ ਲਿਆ। ਪਿੱਛੇ ਬਜ਼ੁਰਗ ਮਾਂ ਬਾਪ ਰਹਿ ਗਏ। ਉਹ ਸਾਲ ਛੇ ਮਹੀਨੇ ਪਿੱਛੋਂ ਚੱਕਰ ਲਗਾ ਆਉਂਦੇ ਹਨ। ਇਨ੍ਹਾਂ ਲੋਕਾਂ ਨੂੰ ਮਜ਼ਬੂਰੀ ਵਸ ਜ਼ਮੀਨ ਠੇਕੇ ਉੱਤੇ ਦੇਣੀ ਪਈ। ਇਸ ਦੇ ਨਾਲ ਹੀ ਕਈ ਪਿੰਡ ਰਹਿੰਦਿਆਂ ਹੋਇਆਂ ਵੀ ਖੇਤੀ ਛੱਡ ਜ਼ਮੀਨ ਠੇਕੇ ਉੱਤੇ ਦੇਣ ਲੱਗ ਪਏ ਹਨ। ਇਹ ਦੁਕਾਨਦਾਰੀ ਕਰਦੇ ਹਨ, ਕੋਈ ਵਿਉਪਾਰ ਕਰਦੇ ਹਨ ਜਾਂ ਫਿਰ ਕਿਸੇ ਵੱਡੇ ਨੇਤਾ ਝੱਲ ਇਸ ਵਰਗ ਨੇ ਡੰਗਰ ਰੱਖਣੇ ਹੀ ਬੰਦ ਕਰ ਦਿੱਤੇ ਹਨ। ਹੁਣ ਉਹ ਦੁੱਧ ਮੁੱਲ ਲੈਂਦੇ ਹਨ। ਇੰਝ ਪਿੰਡ ਵਿਚ ਦੁੱਧ, ਲੱਸੀ ਪੀਣ, ਮੱਖਣ ਘੀ ਖਾਣ ਦਾ ਰਿਵਾਜ਼ ਖਤਮ ਹੋ ਰਿਹਾ ਹੈ। ਇਸ ਵਿਚ ਕੁਝ ਯੋਗਦਾਨ ਵਿਉਪਾਰਕ ਕੰਪਨੀਆਂ ਦਾ ਵੀ ਹੈ। ਤੇਲ ਵੇਚਣ ਲਈ ਉਨ੍ਹਾਂ ਦੁੱਧ ਅਤੇ ਘੀ ਵਿਰੁੱਧ ਚੋਖਾ ਭੰਡੀ ਪ੍ਰਚਾਰ ਕੀਤਾ। ਇਨ੍ਹਾਂ ਨੂੰ ਸਾਰੀਆਂ ਬਿਮਾਰੀਆਂ ਦਾ ਘਰ ਦੱਸਿਆ ਗਿਆ। ਕਿਸੇ ਨੇ ਵੀ ਇਸ ਪ੍ਰਚਾਰ ਦਾ ਵਿਰੋਧ ਨਹੀਂ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੁਝ ਨਵੀਆਂ ਬਿਮਾਰੀਆਂ ਜਿਵੇਂ ਕਿ ਰਕਤਚਾਪ ਦਾ ਵਧਣਾ, ਕੋਲੇਸਟ੍ਰੋਲ, ਸ਼ੂਗਰ ਆਦਿ ਵਿਚ ਵਾਧਾ ਹੋਇਆ ਹੈ, ਪਰ ਇਹ ਜਾਨਣਾ ਜ਼ਰੂਰੀ ਹੈ ਕਿ ਇਹ ਬਿਮਾਰੀਆਂ ਦੁੱਧ ਨਾਲ ਨਹੀਂ, ਸਗੋਂ ਕਿਰਤ ਤੋਂ ਦੂਰੀ ਨਾਲ ਹੁੰਦੀਆਂ ਹਨ। ਹੌਲੀ-ਹੌਲੀ ਹੱਥੀਂ ਕੰਮ ਕਰਨਾ ਛੱਡਿਆ ਜਾ ਰਿਹਾ ਹੈ। ਪੱਛਮੀ ਪ੍ਰਭਾਵ ਹੇਠ ਧਰਤੀ ਉੱਤੇ ਬੈਠ ਜਾਂ ਪੈਰਾਂ ਭਾਰ ਬੈਠ ਕੰਮ ਕਰਨਾ ਬੰਦ ਹੋ ਗਿਆ ਹੈ। ਜਦੋਂ ਬਿਜਲੀ ਆਈ ਘਰਾਂ ਵਿਚ ਪੱਖੇ ਲੱਗੇ ਤਾਂ ਲੋਕ ਰੁੱਖਾਂ ਹੇਠੋਂ ਉੱਠ ਕਮਰਿਆਂ ਵਿਚ ਆ ਗਏ। ਜਦੋਂ ਏ. ਸੀ. ਆਏ ਤਾਂ ਘਰ ਦੇ ਬੂਹੇ ਵੀ ਭੇੜ ਦਿੱਤੇ ਗਏ। ਰੁੱਖਾਂ ਹੇਠ ਸ਼ੁੱਧ ਆਕਸੀਜਨ ਵਾਲੀ ਹਵਾ ਦੀ ਥਾਂ ਬੰਦ ਕਮਰੇ ਦੀ ਗੰਧਲੀ ਹਵਾ ਦੇ ਸ਼ਿਕਾਰ ਹੋ ਗਏ। ਜਦੋਂ ਦੇ ਸਮਾਰਟ ਫੋਨ ਆਏ ਹਨ ਅਤੇ ਕਰੋਨਾ ਦੌਰਾਨ ਪੜ੍ਹਾਈ ਬਹਾਨੇ ਬੱਚਿਆਂ ਨੂੰ ਸਮਾਰਟ ਫੋਨ ਫੜਾਏ ਹਨ, ਲੋਕ ਆਪਣੇ ਆਪ ਵਿਚ ਹੀ ਸਿਮਟ ਗਏ ਹਨ। ਆਪਸੀ ਪਿਆਰ, ਰਲਮਿਲ ਖੇਡਣਾ, ਕਿਸੇ ਦੇ ਆਉਣ ਦਾ ਚਾਅ ਸਭ ਖਤਮ ਹੋ ਗਏ ਹਨ। ਭੈੜੇ ਵੀਡੀਓ ਤਾਂ ਰਹਿੰਦੀ ਕਸਰ ਵੀ ਪੂਰੀ ਕਰ ਰਹੇ ਹਨ। ਕੈਂਸਰ ਦਾ ਮੁੱਖ ਕਾਰਨ ਆਕਸੀਜਨ ਦੀ ਘਾਟ ਮੰਨਿਆ ਜਾਂਦਾ ਹੈ, ਜਿਸ ਦਾ ਕਾਰਨ ਰੁੱਖਾਂ ਦੀ ਦੂਰੀ ਹੈ। ਇਸੇ ਕਰਕੇ ਅਮਰੀਕਾ ਵਰਗੇ ਦੇਸ਼ਾਂ ਵਿਚ ਹੀ ਕੈਂਸਰ ਮੁੱਖ ਬਿਮਾਰੀ ਬਣ ਗਿਆ ਹੈ। ਹੁਣ ਪਿੰਡਾਂ ਵਿਚ ਅੱਧੇ ਤੋਂ ਵੀ ਘੱਟ ਲੋਕ ਖੇਤੀ ਕਰਦੇ ਹਨ। ਉਹ ਗੱਲ ਵੱਖਰੀ ਹੈ ਕਿ ਸਰਕਾਰੀ ਅੰਕੜੇ ਪੰਜਾਹ ਸਾਲਾਂ ਵਾਲੇ ਹੀ ਹਨ। ਇਸ ਦਾ ਇਕ ਹੋਰ ਕਾਰਨ ਇਹ ਹੈ ਕਿ ਫਸਲ ਦੀ ਗਦਾਵਰੀ ਆਮ ਕਰਕੇ ਮਾਲਕ ਜ਼ਮੀਨ ਦੇ ਨਾਲ ਹੀ ਹੁੰਦੀ ਹੈ। ਲਗਭਗ ਸਾਰੇ ਕਿਸਾਨ ਹੀ ਕੁਝ ਧਰਤੀ ਠੇਕੇ ਉੱਤੇ ਲੈਂਦੇ ਹਨ। ਇਸ ਕਰਕੇ ਉਹ ਅਜੇਹੀ ਫਸਲ ਹੀ ਬੀਜਣਗੇ ਜਿਹੜੀ ਮੰਡੀ ਵਿਚ ਅਸਾਨੀ ਨਾਲ ਪੂਰੇ ਉੱਤੇ ਵਿਕ ਸਕੇ। ਇਸੇ ਕਰਕੇ ਪਿਛਲੇ ਕਈ ਦਹਾਕਿਆਂ ਤੋਂ ਕਣਕ ਝੋਨੇ ਹੇਠੋਂ ਰਕਬਾ ਕੱਢਣ ਦੇ ਯਤਨ ਸਫਲ ਨਹੀਂ ਹੋਏ। ਕਿਸਾਨ ਤਬਦੀਲੀ ਲਈ ਤਿਆਰ ਹਨ, ਉਦਾਹਰਣ ਦੇ ਤੌਰ ਉੱਤੇ ਕਦੇ ਵਣ-ਖੇਤੀ ਨੂੰ ਉਤਸ਼ਾਹਿਤ ਕੀਤਾ ਗਿਆ। ਕਿਸਾਨਾਂ ਨੇ ਇਸ ਨੂੰ ਅਪਨਾਇਆ ਜਦੋਂ ਰੁੱਖਾਂ ਦੀ ਵਿਕਰੀ ਦਾ ਮੌਕਾ ਆਇਆ ਮੰਡੀ ਦੀ ਮਾਰ ਪੈ ਗਈ। ਇਹੋ ਹਾਲ ਸੂਰਜਮੁਖੀ ਅਤੇ ਗੰਨੇ ਦਾ ਹੋਇਆ। ਪੰਜਾਬ ਵਿਚ ਤੇਜ਼ੀ ਨਾਲ ਖੰਡ ਮਿੱਲਾਂ ਉਸਾਰੀਆਂ ਗਈਆਂ। ਗੰਨਾ ਮਿੱਥੇ ਮੁੱਲ ਉੱਤੇ ਵਿਕਣ ਲੱਗਾ। ਰਕਬਾ ਇਕ ਲੱਖ ਹੈਕਟੇਅਰ ਤੋਂ ਵੀ ਵੱਧ ਗਿਆ ਪਰ ਹੌਲੀ ਹੌਲੀ ਸਹਿਕਾਰੀ ਮਿੱਲਾਂ ਬੰਦ ਹੋਣ ਲੱਗੀਆਂ ਗੰਨਾ ਰੁਲਣ ਲੱਗਾ ਹੁਣ ਮਸਾਂ 50 ਹਜ਼ਾਰ ਹੈਕਟੇਅਰ ਰਕਬਾ ਰਹਿ ਗਿਆ ਹੈ। ਜੇਕਰ ਕਿਸੇ ਸਬਜ਼ੀ ਦੀ ਕਾਸ਼ਤ ਕੀਤੀ ਜਾਂਦੀ ਹੈ ਤਾਂ ਉਹ ਵੀ ਮੰਡੀ ਨੂੰ ਮੁੱਖ ਰਖਕੇ। ਆਲੂਆਂ ਹੇਠ ਸਭ ਤੋਂ ਵੱਧ ਰਕਬਾ ਕੋਈ ਇਕ ਲੱਖ ਹੈਕਟੇਅਰ ਤੋਂ ਵੱਧ ਹੈ। ਕਿਉਂਕਿ ਇਸ ਵਿਚ ਵਧੇਰੇ ਮੁਨਾਫਾ ਹੈ। ਕਈ ਕਿਸਾਨ ਤਾਂ ਸੈਂਕੜੇ ਏਕੜਾਂ ਵਿਚ ਠੇਕੇ ਉੱਤੇ ਧਰਤੀ ਲੈ ਕੇ ਆਲੂ ਬੀਜਦੇ ਹਨ। ਦੂਜੇ ਨੰਬਰ ਉੱਤੇ ਮਟਰ ਜਿਨ੍ਹਾਂ ਹੇਠ ਕਈ 35000 ਹੈਕਟੇਅਰ ਧਰਤੀ ਹੈ। ਸਬਜ਼ੀਆਂ ਦੀ ਬਹੁਤੀ ਕਾਸ਼ਤ ਦੁਆਬੇ ਵਿਚ ਹੁੰਦੀ ਹੈ ਕਿਉਂਕਿ ਵਾਹੀ ਹੇਠ ਧਰਤੀ ਘੱਟ ਹੈ ਅਤੇ ਠੇਕੇ ਵੱਧ ਹੈ।

ਪੰਜਾਬ ਦੀ ਖੇਤੀ ਹੁਣ ਜੀਵਨ ਜੀਉਣ ਦਾ ਢੰਗ ਨਹੀਂ ਸਗੋਂ ਵਿਉਪਾਰਕ ਖੇਤੀ ਬਣ ਗਈ ਹੈ। ਪਰ ਸਾਡੇ ਖੇਤੀ, ਬਾਗਵਾਨੀ, ਪਸ਼ੂ ਪਾਲਣ ਨਾਲ ਸੰਬੰਧ ਰੱਖਦੇ ਮਹਿਕਿਆਂ ਦੇ ਪ੍ਰਚਾਰ ਪਸਾਰ ਦੇ ਢੰਗਾਂ ਵਿਚ ਕੋਈ ਤਬਦੀਲੀ ਨਹੀਂ ਆਈ ਸਗੋਂ ਇਸ ਵਿਚ ਨਿਘਾਰ ਆਇਆ ਹੈ। ਪਹਿਲੇ ਪਸਾਰ ਕਾਮੇ ਬਹੁਤ ਪਿੰਡਾਂ ਵਿੱਚੋਂ ਸਨ ਤੇ ਉਹ ਕਿਸਾਨ ਦਾ ਦਰਦ ਅਤੇ ਉਨ੍ਹਾਂ ਦੇ ਸੁਭਾਅ ਅਤੇ ਔਕੜਾਂ ਤੋਂ ਜਾਣੂੰ ਸਨ। ਉਹ ਵੇਲੇ-ਕੁਵੇਲੇ ਪਿੰਡਾਂ ਵਿੱਚ ਜਾ ਕੇ ਕਿਸਾਨ ਦੀ ਬਾਂਹ ਫੜਦੇ ਸਨ ਅਤੇ ਉਨ੍ਹਾਂ ਦੀ ਭਾਸ਼ਾ ਵਿਚ ਹੀ ਗੱਲ ਕਰਦੇ ਸਨ। ਹੁਣ ਵੀ ਪਿੰਡਾਂ ਵਿਚ ਕੈਂਪ ਲਗਾਏ ਜਾਂਦੇ ਹਨ ਜਿਹੜੇ ਦਫਤਰੀ ਸਮੇਂ ਅਨੁਸਾਰ ਹੀ ਹੁੰਦੇ ਹਨ। ਇਨ੍ਹਾਂ ਵਿਚ ਬਹੁਤ ਘੱਟ ਖੇਤੀ ਕਰ ਰਹੇ ਕਿਸਾਨ ਆਉਂਦੇ ਹਨ। ਇਨ੍ਹਾਂ ਵਿਚ ਬਹੁਤੀ ਗਿਣਤੀ ਖੇਤੀ ਛੱਡ ਚੁੱਕੇ ਬਜ਼ੁਰਗਾਂ ਦੀ ਜਾਂ ਫਿਰ ਕਰਮਚਾਰੀਆਂ ਦੇ ਮੂੰਹ ਮੁਲਾਹਜੇ ਜਾਂ ਕਿਸੇ ਰਿਆਇਤ ਦੀ ਪ੍ਰਾਪਤੀ ਲਈ ਹੀ ਆਉਂਦੇ ਹਨ। ਖੇਤੀ ਅਤੇ ਸਬੰਧਿਤ ਧੰਦਿਆਂ ਦੇ ਵਿਕਾਸ ਲਈ ਸਾਨੂੰ ਆਪਣੇ ਢੰਗ ਤਰੀਕੇ ਬਦਲਣ ਦੀ ਲੋੜ ਹੈ। ਉਨ੍ਹਾਂ ਫਸਲਾਂ ਜਾਂ ਸਿਫਾਰਸ਼ਾਂ ਦਾ ਪ੍ਰਦਰਸ਼ਨ ਕਰੀਏ ਜਿਨ੍ਹਾਂ ਨਾਲ ਆਮਦਨ ਵਿਚ ਵਾਧਾ ਹੋ ਸਕੇ ਅਤੇ ਮੰਡੀ ਵਿਚ ਰੁਲਣਾ ਨਾ ਪਵੇ। ਕੇਂਦਰ ਸਰਕਾਰ ਨੇ ਕਿਸਾਨਾਂ ਦੇ ਗਰੁੱਪ ਬਣਾਉਣ ਦੀ ਸਕੀਮ ਲਾਗੂ ਕੀਤੀ ਹੈ ਇਸ ਵਿਚ ਕੁਝ ਰਿਆਇਤਾਂ ਵੀ ਹਨ ਪਰ ਬਹੁਤ ਘੱਟ ਗਰੁੱਪ ਸਫਲਤਾ ਨਾਲ ਕੰਮ ਕਰ ਰਹੇ ਹਨ। ਉਹ ਗਰੁੱਪ ਹੀ ਸਫਲ ਹਨ ਜਿਹੜੇ ਕੁਝ ਕਿਸਾਨਾਂ ਨੇ ਰਲ ਕੇ ਆਪਣੇ ਆਪ ਬਣਾਏ ਹਨ। ਇਸ ਬਾਰੇ ਜਲੰਧਰ ਵਾਲੇ ਆਲ ਗਰੁੱਪ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਜੇਕਰ ਕੁਝ ਕਿਸਾਨ ਰਲ ਕੇ ਇੱਕੋ ਹੀ ਫਸਲ ਦੀ ਕਾਸ਼ਤ ਕਰਨ ਤਾਂ ਉਹ ਖੇਤੀ ਲੋੜਾਂ ਵਾਜਬ ਕੀਮਤ ਉੱਤੇ ਖਰੀਦ ਸਕਦੇ ਹਨ। ਮਾਹਿਰਾਂ ਨੂੰ ਵੀ ਬੁਲਾਇਆ ਜਾ ਸਕਦਾ ਹੈ ਅਤੇ ਸਾਂਝੇ ਤੌਰ ਉੱਤੇ ਦੂਰ ਦੁਰਾਡੇ ਦੀ ਮੰਡੀ ਵਿਚ ਉਪਜ ਵੀ ਵੇਚੀ ਜਾ ਸਕਦੀ ਹੈ। ਜੇਕਰ ਉਪਰ ਵਧੀਆ ਅਤੇ ਚੋਖੀ ਮਿਕਦਾਰ ਵਿਚ ਹੋਵੇ ਤਾਂ ਵਿਉਪਾਰੀ ਆਪ ਆ ਕੇ ਪਿੰਡ ਵਿਚ ਖਰੀਦ ਸਕਦਾ ਹੈ। ਦੁਆਬੇ ਵਿਚ ਵਿਉਪਾਰੀ ਆਪ ਆਕੇ ਖੇਤ ਵਿੱਚੋਂ ਹੀ ਆਲੂ ਖਰੀਦ ਲੈਂਦੇ ਹਨ।

ਪੰਜਾਬ ਦੀ ਜੁਆਨੀ ਨੂੰ ਆਹਰੇ ਲਾਉਣ ਲਈ ਖੇਤੀ ਨੂੰ ਨਵਾਂ ਮੋੜ ਦੇਣ ਦੀ ਲੋੜ ਹੈ। ਖੇਤੀ ਦੇ ਨਾਲੋਂ ਨਾਲ ਉਨ੍ਹਾਂ ਨੂੰ ਹੁਨਰੀ ਬਣਾਇਆ ਜਾਵੇ ਤਾਂ ਜੋ ਉਹ ਆਪਣੀ ਆਮਦਨ ਵਿਚ ਵਾਧਾ ਕਰ ਸਕਣ। ਪਿੰਡਾਂ ਲਾਗੇ ਖੇਤੀ ਅਧਾਰਿਤ ਸਨਅੱਤਾਂ ਲਗਾਈਆਂ ਜਾਣ ਤਾਂ ਜੋ ਉਸ ਦੀ ਲੋੜ ਅਨੁਸਾਰ ਉਪਜ ਕੀਤੀ ਜਾ ਸਕੇ। ਇੰਝ ਪਿੰਡਾਂ ਦਾ ਉਜਾੜਾ ਵੀ ਨਹੀਂ ਹੋਵੇਗਾ ਅਤੇ ਪਿੰਡ ਵਾਸੀਆਂ ਨੂੰ ਰੁਜ਼ਗਾਰ ਵੀ ਮਿਲੇਗਾ। ਹੁਣ ਵਾਲੀ ਸਨਅੱਤੀ ਨੀਤੀ ਪਿੰਡਾਂ ਨੂੰ ਉਜਾੜਦੀ ਹੈ ਪਰ ਪਿੰਡ ਵਾਸੀਆਂ ਨੂੰ ਰੁਜ਼ਗਾਰ ਨਹੀਂ ਦਿੰਦੀ। ਪਿੰਡ ਵਾਸੀਆਂ ਨੂੰ ਦੂਰ ਦੁਰਾਡੇ ਜਾ ਕੇ ਜ਼ਮੀਨ ਖਰੀਦਣੀ ਪੈਂਦੀ ਹੈ। ਉਹ ਭੂਮੀਹੀਣ ਮਜ਼ਦੂਰ ਬਣ ਕੇ ਫੈਕਟਰੀਆਂ ਵਿਚ ਕੰਮ ਨਹੀਂ ਕਰ ਸਕਦੇ। ਖੇਤੀ ਲਈ ਇਨ੍ਹਾਂ ਲੀਹਾਂ ਉੱਤੇ ਨੀਤੀ ਬਣਾਉਣ ਦੀ ਲੋੜ ਹੈ। ਇਸ ਪਾਸੇ ਰਾਜ ਸਰਕਾਰਾਂ ਪਹਿਲ ਕਰ ਸਕਦੀਆਂ ਹਨ। ਸੰਜੀਦਾ ਯਤਨਾਂ ਨਾਲ ਹੀ ਖੇਤੀ ਨੂੰ ਨਵੀਂ ਸੇਧ ਦਿੱਤੀ ਜਾ ਸਕਦੀ ਹੈ ਅਜੇਹਾ ਲਾਰਿਆਂ ਦੀ ਰਾਜਨੀਤੀ ਨੂੰ ਤਿਆਗ ਕੇ ਹੀ ਹੋ ਸਕਦਾ ਹੈ।

# ਇਸ ਹਫਤੇ ਦੇ ਖੇਤੀ ਰੁਝੇਵੇਂ

## ਕਣਕ

ਸੇਂਜੂ ਹਾਲਤਾਂ ਵਿਚ ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ 757 ਕਿਸਮ ਦੀ ਕਾਸ਼ਤ ਕਰੋ। ਬਿਜਾਈ ਵੇਲੇ 55 ਕਿੱਲੋ



ਡੀ ਏ ਪੀ ਜਾਂ 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਉ। ਜੇਕਰ ਫਾਸਫੋਰਸ ਲਈ ਡੀ ਏ ਪੀ ਖਾਦ ਵਰਤੀ ਹੈ ਤਾਂ ਬਿਜਾਈ ਸਮੇਂ ਯੂਰੀਆ ਦੀ ਲੋੜ ਨਹੀਂ। ਜੇਕਰ ਸਿੰਗਲ ਸੁਪਰਫਾਸਫੇਟ ਖਾਦ ਪਾਈ ਹੋਵੇ ਤਾਂ 20 ਕਿਲੋ ਯੂਰੀਆ ਪ੍ਰਤੀ ਏਕੜ ਬਿਜਾਈ ਸਮੇਂ ਪਾਉ। ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਜਾਂ ਅਵਕੀਰਾ/ਮੋਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਥਾਲਿਨ +ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋਂ ਇਹਨਾਂ ਵਿਚੋਂ ਕਿਸੇ ਇਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ।

## ਕਮਾਦ

ਕਮਾਦ ਦੀਆਂ ਦਰਮਿਆਨੀਆਂ ਅਤੇ ਪਿਛੇਤੀਆਂ ਕਿਸਮਾਂ, ਜੋ ਕਿ ਜਨਵਰੀ ਦੇ ਅਖੀਰ ਵਿਚ ਪੱਕ ਕੇ ਤਿਆਰ ਹੁੰਦੀਆਂ ਹਨ, ਦੀ ਪੀੜਾਈ ਅਤੇ ਕਟਾਈ (ਮਿੱਲਾਂ ਲਈ) ਸ਼ੁਰੂ ਕਰ ਦਿਓ। ਬੀਜ ਲਈ ਰੱਖੀ ਫਸਲ ਨੂੰ ਕੋਰੇ ਤੋਂ ਬਚਾਉਣ ਲਈ ਲਗਾਤਾਰ ਪਾਣੀ ਦਿੰਦੇ ਰਹੋ। ਕੋਰੇ ਤੋਂ ਪ੍ਰਭਾਵਿਤ ਬੀਜ ਘੱਟ ਉੱਗਦਾ ਹੈ। ਮੁੱਢੇ ਰੱਖਣ ਵਾਲੇ ਕਮਾਦ ਜ਼ਮੀਨ ਦੀ ਪੱਧਰ ਤੇ ਕਰੋ ਜਿਸ ਨਾਲ ਫੁਟਾਰਾ ਚੰਗਾ ਹੁੰਦਾ ਹੈ। ਕਟਾਈ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ ਅਤੇ ਗੰਨੇ ਦੀਆਂ ਕਤਾਰਾਂ ਵਿਚਕਾਰ ਹਲ ਵਾਹ ਦਿਓ ਤਾਂ ਜੋ ਨਦੀਨਾਂ ਦੀ ਰੋਕਥਾਮ ਹੋ ਸਕੇ।

## ਤੇਲ ਬੀਜ ਅਤੇ ਸਰ੍ਹੋਂ

ਕੋਰੇ ਤੋਂ ਬਚਾਉਣ ਲਈ ਸਰ੍ਹੋਂ, ਰਾਇਆ ਅਤੇ ਗੋਭੀ ਸਰ੍ਹੋਂ ਨੂੰ ਪਾਣੀ ਦਿਓ।

## ਸੂਰਜਮੁਖੀ

ਸੂਰਜਮੁਖੀ ਖਾਸ ਕਰਕੇ ਲੰਬਾ ਸਮਾਂ ਲੈ ਕੇ ਪੱਕਣ ਵਾਲੀਆਂ ਕਿਸਮਾਂ ਦੀ ਬਿਜਾਈ ਲਈ ਇਹ ਢੁੱਕਵਾਂ ਸਮਾਂ ਹੈ। ਬਿਜਾਈ ਵੱਟਾਂ ਤੇ ਕਰੋ ਅਤੇ ਵੱਟਾਂ ਵਿਚਕਾਰ ਫਾਸਲਾ 2 ਫੁੱਟ ਅਤੇ ਬੂਟਿਆਂ ਦਰਮਿਆਨ ਫਾਸਲਾ ਇਕ ਫੁੱਟ ਰੱਖੋ। ਇਸ ਦੀ ਬਿਜਾਈ ਲਈ ਫਾਲਿਆਂ ਵਾਲਾ ਜਾਂ ਸਿਆੜਾਂ ਵਾਲਾ ਰਿਜ਼ਰ ਪਲਾਂਟਰ ਵਰਤਿਆ ਜਾ ਸਕਦਾ ਹੈ। ਬੀਜ ਪੂਰਬ-ਪੱਛਮ ਦਿਸ਼ਾ ਵਾਲੀਆਂ ਵੱਟਾਂ ਦੇ ਦੱਖਣ ਵਾਲੇ ਪਾਸੇ ਬੀਜਣ ਨਾਲ ਵੱਧ ਝਾੜ ਪ੍ਰਾਪਤ ਹੁੰਦਾ



ਹੈ। ਬੀਜ ਵੱਟ ਦੇ ਦੱਖਣ ਵਾਲੇ ਪਾਸੇ ਬੀਜੋ। ਸੂਰਜਮੁੱਖੀ ਵਿਚ 24 ਕਿੱਲੋ ਨਾਈਟ੍ਰੋਜਨ (50 ਕਿਲੋ ਯੂਰੀਆ) ਅਤੇ 12 ਕਿਲੋ ਫਾਸਫੋਰਸ (75 ਕਿੱਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਬਿਜਾਈ ਵੇਲੇ ਪਾਓ। ਫਾਸਫੋਰਸ ਲਈ ਸਿੰਗਲ ਸੁਪਰਫਾਸਫੇਟ ਨੂੰ ਤਰਜ਼ੀਹ ਦਿਓ ਕਿਉਂਕਿ ਇਸ ਵਿਚ ਗੰਧਕ ਵੀ ਹੁੰਦੀ ਹੈ ਜਿਹੜੀ ਸੂਰਜਮੁੱਖੀ ਲਈ ਬਹੁਤ ਜ਼ਰੂਰੀ ਹੈ। ਰੇਤਲੀਆਂ ਜ਼ਮੀਨਾਂ ਵਿਚ ਅੱਧਾ ਯੂਰੀਆ ਬਿਜਾਈ ਵੇਲੇ ਅਤੇ ਅੱਧਾ ਪਹਿਲਾ ਪਾਣੀ ਲਾਉਣ ਵੇਲੇ ਪਾਓ।

## ਮੈਂਥਾ (ਜਪਾਨੀ ਪੁਦੀਨਾ)

ਇਸ ਫਸਲ ਦੀ ਬਿਜਾਈ ਲਈ ਜਨਵਰੀ ਦਾ ਦੂਸਰਾ ਪੰਦਰਵਾੜਾ ਬਹੁਤ ਹੀ ਢੁੱਕਵਾਂ ਸਮਾਂ ਹੈ। ਮੈਂਥੇ ਦੀਆਂ ਦੋ ਲਾਈਨਾਂ ਨੂੰ 67.5 ਸੈਂਟੀਮੀਟਰ ਚੌੜੇ ਬੈੱਡਾਂ ਉੱਪਰ ਬੀਜਣ ਨਾਲ ਵੱਧ ਹਰਾ ਮਾਦਾ ਮਿਲਦਾ ਹੈ ਅਤੇ ਨਾਲ ਦੀ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ। ਪਾਣੀ ਦੀ ਬੱਚਤ ਅਤੇ ਨਦੀਨਾਂ ਦੀ ਰੋਕਥਾਮ ਲਈ ਮੈਂਥੇ ਦੀ ਬਿਜਾਈ ਤੋਂ ਬਾਅਦ 24 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਸਕਦੇ ਹਾਂ। ਇੱਕ ਏਕੜ ਲਈ ਦੋ ਕੁਇੰਟਲ ਤਾਜ਼ੀਆਂ ਪੁੱਟੀਆਂ 5-8 ਸੈਂਟੀਮੀਟਰ ਲੰਬੀਆਂ ਜੜ੍ਹਾਂ ਚਾਹੀਦੀਆਂ ਹਨ। ਇਨ੍ਹਾਂ ਜੜ੍ਹਾਂ ਨੂੰ 45 ਸੈਂਟੀਮੀਟਰ ਦੀ ਦੂਰੀ ਤੇ ਕਤਾਰਾਂ ਵਿਚ ਬੀਜੋ। ਬੀਜਣ ਤੋਂ ਬਾਅਦ ਹਲਕਾ ਪਾਣੀ ਦੇ ਦਿਓ।

## ਚਾਰੇ

ਜੇਕਰ ਜਵੀਂ ਦੀਆਂ ਕਟਾਈਆਂ ਲੈਣੀਆਂ ਹੋਣ ਤਾਂ ਇਕ ਕਟਾਈ ਜਨਵਰੀ ਵਿਚ ਲਵੋ। ਜਿਸ ਖੇਤ ਵਿਚ ਬੂੰਈਂ (ਪੋਆ ਘਾਹ) ਨਦੀਨ ਬਹੁਤ ਹੋਵੇ ਉੱਥੋਂ ਦੋ ਕਟਾਈਆਂ ਨਾ ਲਵੋ। ਬਰਸੀਮ/ਸ਼ਫਤਲ ਦਾ ਬੀਜ ਬਣਾਉਣ ਲਈ ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਵਿਚ ਬਿਜਾਈ ਕਰ ਸਕਦੇ ਹੋ। ਜੇਕਰ ਲੂਸਣ ਬੀਜਿਆ ਹੋਵੇ ਤਾਂ ਉਸ ਦੀ ਸੰਭਾਲ ਇਸ ਤਰ੍ਹਾਂ ਕਰੋ ਕਿ ਚਾਰੇ ਦੀ ਥੁੜ੍ਹ ਵਾਲੇ ਦਿਨਾਂ ਵਿਚ ਇਹ ਚਾਰਾ ਦੇਵੇ।

## ਸਬਜ਼ੀਆਂ

ਮਿਰਚਾਂ ਅਤੇ ਬੈਂਗਣ ਦੀ ਪਨੀਰੀ ਦੀ ਬਿਜਾਈ ਕਰੋ ਜੋ ਕਿ ਫਰਵਰੀ-ਮਾਰਚ ਵਿਚ ਟ੍ਰਾਂਸਪਲਾਂਟ ਕੀਤੀ ਜਾਣੀ ਹੈ। ਅਕਤੂਬਰ ਵਿਚ ਬੀਜੇ ਗਏ ਟਮਾਟਰ ਅਤੇ ਬੈਂਗਣ ਦੇ ਬੂਟਿਆਂ ਦੀ ਲੁਆਈ ਸ਼ੁਰੂ ਕਰੋ। ਇਹ ਸਮਾਂ ਹਾੜ੍ਹੀ ਦੇ ਪਿਆਜ਼ ਦੀਆਂ ਕਿਸਮਾਂ ਜਿਵੇਂ ਪੀ ਆਰ ਓ-7, ਪੰਜਾਬ ਨਰੋਆ, ਪੀ. ਵਾਈ. ਓ.-1, ਪੀ.ਡਬਲਯੂ. ਓ.-2 ਅਤੇ ਹਾਈਬ੍ਰਿਡ ਪੀ ਓ ਐੱਚ-1 ਦੀ ਬਿਜਾਈ ਲਈ ਢੁੱਕਵਾਂ ਹੈ। ਮਟਰ ਦੀਆਂ ਮੁੱਖ ਸਮੇਂ ਦੀਆਂ ਕਿਸਮਾਂ ਜਿਵੇਂ ਪੰਜਾਬ-89, ਮਿੱਠੀ ਫਲੀ ਅਤੇ ਗਾਜਰ ਦੀਆਂ ਯੂਰਪੀਅਨ ਕਿਸਮਾਂ ਦੀ ਬਿਜਾਈ ਲਈ ਢੁੱਕਵਾਂ ਸਮਾਂ ਹੈ। ਆਲੂ ਦੀ ਫਸਲ ਦੀ ਬਿਜਾਈ ਲਈ ਰੋਗ ਮੁਕਤ ਸਿਹਤਮੰਦ ਬੀਜ ਦੀ ਵਰਤੋਂ ਕਰੋ। ਬਲੈਕ ਸਕ੍ਰਫ ਦੀ ਜਾਂਚ ਕਰਨ ਲਈ ਬੀਜ ਨੂੰ 100 ਲੀਟਰ ਪਾਣੀ ਵਿੱਚ ਸਿਸਟੀਵਾ @ 80 ਮਿਲੀਲਿਟਰ ਜਾਂ ਐਮੇਸਟੋ ਪ੍ਰਾਈਮ @ 83 ਮਿਲੀਲਿਟਰ ਜਾਂ ਮੋਨਸਰੇਨ @ 250 ਮਿਲੀਲਿਟਰ ਨਾਲ ਰੋਗਾਣੂੰ ਮੁਕਤ ਕਰੋ। ਆਉਣ ਵਾਲੇ 3-4 ਦਿਨ ਵਿੱਚ ਖੁਸ਼ਕ ਮੌਸਮ ਨੂੰ ਦੇਖਦੇ ਹੋਏ ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ। ਫੁੱਲਗੋਭੀ ਦੀ ਮੁੱਖ ਸਮੇਂ ਦੀਆਂ ਕਿਸਮਾਂ ਦੀ ਪਨੀਰੀ ਖੇਤ ਵਿਚ ਲਗਾਉ। ਸਰਦੀਆਂ ਦੀਆਂ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ, ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ। ਗੋਭੀ ਦੀ ਅਗੇਤੀਆਂ ਕਿਸਮਾਂ ਦੇ ਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ। ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਹਾਰਾ ਦਿਓ ਪਰ ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪੰਹੁਚੇ।

## ਬਾਗਬਾਨੀ

ਸਦਾਬਹਾਰ ਫਲਦਾਰ ਬੂਟਿਆਂ ਨੂੰ ਖਾਸ ਕਰਕੇ ਛੋਟੇ ਪੌਦਿਆਂ ਨੂੰ ਸਖਤ ਠੰਡ ਤੋਂ ਬਚਾਉਣ ਲਈ ਬੂਟਿਆਂ ਉੱਪਰ ਕੁੱਲੀਆਂ/ਛਪਰੀਆਂ ਬਣਾਈ ਰੱਖੋ। ਇਸ ਕੰਮ ਲਈ ਸਰਕੰਡਾ, ਦੱਬ ਜਾਂ ਖਜੂਰ ਦੇ ਪੱਤਿਆਂ ਦੀ ਵਰ ਤੋਂ ਕੀਤੀ ਜਾ ਸਕਦੀ ਹੈ। ਬੂਟਿਆਂ ਨੂੰ ਹਲਕੀਆਂ ਸਿੰਚਾਈਆਂ ਵੀ ਕੀਤੀਆਂ ਜਾ ਸਕਦੀਆਂ ਹਨ। ਬੇਰਾਂ ਦੇ ਬੂਟਿਆਂ ਨੂੰ (ਪਾਊਡਰੀ ਫਫੂੰਦੀ) ਚਿੱਟੋ ਦੇ ਰੋਗ ਤੋਂ ਬਚਾਉਣ ਲਈ 0.25% (250 ਗ੍ਰਾਮ/100 ਲੀਟਰ ਪਾਣੀ) ਘੁਲਣਸ਼ੀਲ ਸਲਫਰ ਦਾ ਛਿੜਕਾਅ ਅਤੇ ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨੀ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਕਰੋ। ਬੇਰਾਂ ਉਪਰ ਇਸ ਸਮੇਂ ਭਰਵਾਂਫਲ ਲੱਗਿਆ ਹੋਇਆ ਹੈ  ਇਸ ਲਈ ਇਸ ਮਹੀਨੇ ਇੱਕ ਸਿੰਚਾਈ ਜ਼ਰੂਰ ਕਰੋ। ਪੱਤਝੜੀ ਕਿਸਮਾਂ ਦੇ ਫਲਦਾਰ ਬੂਟੇ ਜਿਵੇਂ ਕਿ ਆੜੂ ਅਤੇ ਅਲੂਚੇ ਦੀ ਲਵਾਈ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ ਅਤੇ ਨਾਸ਼ਪਾਤੀ, ਅੰਜੀਰ, ਅੰਗੂਰ ਆਦਿ ਲਗਾਉਣ ਲਈ ਖੇਤ ਦੀ ਤਿਆਰੀ ਸ਼ੁਰੂ ਕਰ ਲਵੋ। ਅੰਬਾਂ ਦੀ ਗੂੰਦਿਹੜੀ ਦੀ ਰੋਕਥਾਮ ਲਈ ਦਰੱਖਤਾਂ ਦੇ ਮੁੱਖ ਤਣੇ ਦੁਆਲੇ ਜੇਕਰ ਅਜੇ ਤੱਕ ਪਲਾਸਟਿਕ/ਅਲਕਾਥੇਨ ਦੀ ਸ਼ੀਟ ਨਹੀਂ ਲਪੇਟੀ ਤਾਂ ਤੁਰੰਤ ਲਪੇਟ ਦਿਓ। ਅਮਰੂਦ ਅਤੇ ਬੇਰਾਂ ਨੂੰ ਛੱਡ ਕੇ ਬਾਕੀ ਸਾਰੇ ਮੁੱਖ ਫਲਦਾਰ ਬੂਟਿਆਂ ਨੂੰ ਦੇਸੀ ਖਾਦਾਂ ਪਾਉਣ ਦਾ ਢੁਕਵਾਂ ਸਮਾਂ ਹੈ। ਪੱਤਝੜੀ ਕਿਸਮਾਂ ਦੇ ਫਲਦਾਰ ਬੂਟੇ ਜਿਵੇਂ ਕਿ ਆੜੂ, ਅਲੂਚੇ ਨਾਸ਼ਪਾਤੀ, ਅੰਜੀਰ ਫਾਲਸਾ ਆਦਿ ਦੀ ਕਾਂਟ-ਛਾਂਟ ਅਤੇ ਸਿਧਾਈ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ।

## ਪਸ਼ੂ ਪਾਲਣ

ਸਰਦੀ ਵਿਚ ਪਸ਼ੂ ਢਾਰਿਆਂ ਵਿਚ ਜ਼ਿਆਦਾ ਨਮੀਂ ਇਕੱਠੀ ਨਾ ਹੋਣ ਦਿਓ ਅਤੇ ਇਸਦੇ ਕੰਟਰੋਲ ਲਈ ਦਿਨ ਦੀ ਧੁੱਪ ਵੇਲੇ ਖਿੜਕੀਆਂ ਖੋਲ ਦਿਓ। ਸਾਫ ਹਵਾ ਦੇ ਵਗਣ ਨਾਲ ਨਮੀਂ ਬਾਹਰ ਜਾਵੇਗੀ ਅਤੇ ਪਸ਼ੂ ਨੂੰ ਸਾਹ ਦੀਆਂ ਬਿਮਾਰੀਆਂ ਵੀ ਘੱਟ ਹੋਣਗੀਆਂ। ਗਾਂਵਾਂ ਸਰਦੀਆਂ ਵਿਚ ਵੀ ਆਪਣੇ ਮਲ ਮੂਤਰ ਉੱਪਰ ਹੀ ਬੈਠ ਜਾਂਦੀਆਂ ਹਨ। ਜਦੋਂ ਗੋਹਾ ਸੁੱਕ ਕੇ ਕਰੜਾ ਹੋ ਜਾਂਦਾ ਹੈ ਅਤੇ ਪਸ਼ੂ ਗੰਦਾ ਹੋ ਜਾਂਦਾ ਹੈ। ਪਸ਼ੂਆਂ ਨੂੰ ਚੋਣ ਸਮੇਂ ਇਹ ਗੋਹਾ ਦੁੱਧ ਨੂੰ ਦੂਸ਼ਿਤ ਕਰਦਾ ਹੈ ਤੇ ਪਸ਼ੂ ਲਈ ਵੀ ਬਿਮਾਰੀ ਦਾ ਘਰ ਬਣਦਾ ਹੈ। ਸੋ ਪਸ਼ੂ ਥੱਲੇ ਸੁੱਕ ਵਿਛਾਉਣੀ ਬਹੁਤ ਜ਼ਰੂਰੀ ਹੈ। ਇਸ



ਵਾਸਤੇ ਸੁੱਕੀ ਪਰਾਲੀ ਜਾਂ ਘਾਹ ਆਦਿ ਦੀ ਵਰਤੋਂ ਕਰ ਸਕਦੇ ਹਾਂ। ਪਰਾਲੀ ਆਪਣੇ ਵਿਚ (¾) ਗੁਣਾਂ ਪਾਣੀ ਸਮਾਂ ਸਕਦੀ ਹੈ। ਦੁਧਾਰੂ ਪਸ਼ੂਆਂ ਤੇ ਲੇਵੇ ਵੀ ਇਸ ਸੁੱਕ ਨਾਲ ਸਰਦੀਆਂ ਵਿਚ ਠੀਕ ਰਹਿੰਦੇ ਹਨ। ਛੋਟੇ ਕਟੜੂ/ਵਛੜੂ ਥੱਲੇ ਵੀ ਸਰਦੀਆਂ ਵਿਚ ਸੁੱਕ ਬਹੁਤ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਦਾ ਨਿਮੂਨੀਆਂ ਅਤੇ ਹੋਰ ਸਰਦੀ ਦੇ ਰੋਗਾਂ ਤੋਂ ਬਚਾਓ ਹੋ ਸਕੇ।

# ਸੁਪਨਿਆਂ ਨੂੰ ਲਾਏ ਖੰਭ : ਬੀਬੀ ਰਵਿੰਦਰ ਕੌਰ

ਜ਼ਿਲ੍ਹਾ ਲੁਧਿਆਣਾ ਦੀ ਰਹਿਣ ਵਾਲੀ ਬੀਬੀ ਰਵਿੰਦਰ ਕੌਰ ਜੋ ਕਿ ਇਕ ਘਰੇਲੂ ਪਰਿਵਾਰਕ ਔਰਤ ਹੈ, ਬਹੁਤ ਹੀ ਉਚੇਰੀ ਅਤੇ ਅਗਾਂਹਵਧੂ ਸੋਚ ਦੀ ਮਾਲਕਣ ਹੈ। ਇਕ ਮਾਂ, ਪਤਨੀ, ਧੀ ਹੋਣ ਦੇ ਨਾਤੇ, ਆਪਣੇ ਪਰਿਵਾਰ ਨੂੰ ਪੌਸ਼ਟਿਕ ਖੁਰਾਕ ਦੇਣ ਦੀ ਸਮਰੱਥਾ ਨੇ, ਆਪਣੇ ਹੁਨਰ ਨੂੰ ਵਪਾਰ ਵਿਚ ਤਬਦੀਲ ਕਰਨ ਦੀ ਨਵੇਕਲੀ ਸੋਚ ਨੂੰ ਅੱਗੇ ਵਧਾਇਆ। ਬੀਬੀ ਰਵਿੰਦਰ ਕੌਰ ਦੀ ਕਹਾਣੀ ਹੌਂਸਲੇ, ਨਵੀਨ ਅਤੇ ਵੱਡੇ ਸੁਪਨੇ ਦੇਖਣ ਦੀ ਦਲੇਰੀ ਬਾਰੇ ਹੈ। ਇਹਨਾਂ ਦੇ ਸਫਰ ਦੀ ਸ਼ੁਰੂਆਤ 2022 ਵਿਚ ਸਿਰਫ ਇਕ ਉੱਦੇਸ਼-ਖੁੰਭਾਂ ਦੀ ਖੇਤੀ, ਵਿੱਚ ਕਾਮਯਾਬੀ-ਪ੍ਰਾਪਤ ਨਾਲ ਹੋਈ। ਬੀਬੀ ਜੀ ਨੂੰ ਗਰਮੀ-ਨਮੀਂ ਤੋਂ ਲੈ ਕੇ ਬੀਮਾਰੀਆਂ ਵਰਗੀਆਂ ਕਈ ਪਰੇਸ਼ਾਨੀਆਂ ਨਾਲ ਜੂਝਣਾ ਪਿਆ। ਪਰ ਹਾਰ ਮੰਨਣ ਦੀ ਬਜਾਏ, ਬੀਬੀ ਜੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਤੋਂ ਮਾਰਗ-ਦਰਸ਼ਨ ਲਿਆ। ਜਿਸਦੀ ਸਲਾਹ ਨੇ ਬੀਬੀ ਜੀ ਦੀ ਚੁਣੌਤੀਆਂ ਨੂੰ ਕਾਮਯਾਬੀ ਦੇ ਰਾਹਵਾਂ ਵਿਚ ਬਦਲ ਦਿੱਤਾ। ਆਪਣੇ ਹੁਨਰ ਨੂੰ ਕਿੱਤੇ ਵਿਚ ਤਬਦੀਲੀ ਕਰਨ ਲਈ ਬੀਬੀ ਰਵਿੰਦਰ ਕੌਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਸਕਿਲ ਡਵੈਲਪਮੈਂਟ ਸੈਂਟਰ ਅਧੀਨ 12 ਸਿਖਲਾਈ ਕੋਰਸ-ਪ੍ਰਿਜ਼ਰਵੇਸ਼ਨ ਆਫ ਫਰੂਟਸ ਵੈਜੀਟੇਬਲਸ, ਕਲਟੀਵੇਸ਼ਨ ਆਫ ਐਰੋਮੈਟਿਕ ਅਤੇ ਮੈਡੀਸੀਨਲ ਪਲਾਂਟਸ ਅਤੇ ਵੈਲਯੂ ਐਡੀਸ਼ਨ, ਮਸ਼ਰੂਮ ਫਾਰਮਿੰਗ, ਵੈਲਯੂ ਐਡੀਸ਼ਨ ਆਫ ਸੋਇਆਬੀਨ ਪ੍ਰੋਸੈਸਿੰਗ ਅਤੇ ਮਿਲਕ, ਬੇਕਰੀ ਅਤੇ ਕੰਨਫੈਕਸ਼ਨਰੀ, ਮੇਕਿੰਗ ਆਫ ਕਲੀਨਿੰਗ ਐਜੰਟਸ, ਨਿਊਟਰੀਸ਼ਨ ਗਾਰਡਨ, ਆਰਗੈਨਿਕ ਫਾਰਮਿੰਗ, ਹਾਇਡ੍ਰੋਪੋਨਿਕ ਅਤੇ ਰੂਫਟਾਪ ਗਾਰਡਨਿੰਗ, ਹੈਂਡੀਕ੍ਰਾਫਟ ਅਤੇ ਐਕਰੋਪ੍ਰੋਸੈਸਿੰਗ ਕੀਤੇ। ਸਿਖਲਾਈ ਵਿਚ ਦੱਸੇ ਅਨੁਸਾਰ ਉਹਨਾਂ ਨੇ ਐੱਫ. ਐੱਸ. ਐੱਸ. ਏ. ਆਈ. (FSSAI) ਨੰਬਰ ਪ੍ਰਾਪਤ ਕੀਤਾ, ਜੋ ਗ੍ਰਾਹਕਾਂ ਦਾ ਵਿਸ਼ਵਾਸ ਜਿੱਤਣ ਵਿਚ ਇਕ ਮਹੱਤਵਪੂਰਨ ਕਦਮ ਹੈ। ਸਿਖਲਾਈ ਕੋਰਸ ਲੈਣ ਉਪਰੰਤ ਉਹਨਾਂ ਨੇ PAMETI (ਪਾਮੇਟੀ) ਸਿਖਲਾਈ ਦੇ ਅਧੀਨ ਮਸ਼ਰੂਮ ਫਾਰਮਿੰਗ, ਘਰੇਲੂ ਬਾਗਬਾਨੀ, ਹੋਰਟੀ ਪ੍ਰਨਿਉਰਸ਼ਿਪ, ਅਰਬਨਐਗਰੀਕਲਚਰ ਦੇ ਚਾਰ ਕੋਰਸ ਕੀਤੇ ਅਤੇ ਆਪਣਾ ਕਾਰੋਬਾਰ ਸ਼ੁਰੂ ਕੀਤਾ। ਬੀਬੀ ਰਵਿੰਦਰ ਕੌਰ ਨੇ ਮੌਜੂਦਾ ਕਾਰੋਬਾਰ ਵਿਚ ਬੀਟਰੂਟ ਪਾਊਡਰ ਅਤੇ ਗ੍ਰੈਨਿਊਲਸ, ਬਲੈਕ ਕੇਰਟ ਪਾਊਡਰ ਅਤੇ ਗ੍ਰੈਨਿਊਲਸ, ਡਰਾਈਡ ਕਸਤੂਰੀ ਮੇਥੀ, ਮੋਰਿੰਗਾ ਪਾਊਡਰ, ਆਮਲਾ ਪਾਊਡਰ ਅਤੇ ਗ੍ਰੈਨਿਊਲਸ, ਫਰੈਸ਼ ਮਸ਼ਰੂਮ ਅਤੇ ਬਾਇਓ ਐਨਜਾਇਮਸ ਉਤਪਾਦ ਤਿਆਰ ਕੀਤੇ ਹਨ।

ਆਪਣੇ ਉਤਪਾਦਾਂ ਦਾ ਪ੍ਰਚਾਰ ਕਰਨ ਲਈ ਅਤੇ ਵੱਧ ਤੋਂ ਵੱਧ ਗ੍ਰਾਹਕਾਂ ਤੱਕ ਪਹੁੰਚਾਉਣ ਲਈ ਬੀਬੀ ਰਵਿੰਦਰ ਕੌਰ ਵੱਖ-ਵੱਖ ਕਾਲਜਾਂ ਦੇ ਮੇਲੇ ਸ਼ਾਮਿਲ ਹਨ। ਇਨ੍ਹਾਂ ਮੇਲਿਆਂ ਰਾਹੀਂ ਬਹੁਤ ਸਾਰੇ ਗ੍ਰਾਹਕ ਬੀਬੀ ਰਵਿੰਦਰ ਕੌਰ ਨਾਲ ਪੱਕੇ ਤੌਰ ਤੇ ਜੁੜ ਜਾਂਦੇ ਹਨ। ਉਨ੍ਹਾਂ ਨੇ NIDHI-TBI ਨਾਲ ਰਜਿਸਟ੍ਰੇਸ਼ਨ ਕਰਵਾ ਕੇ ਸਕੂਲ ਆਫ ਬਿਜਨਸ ਸਟਡੀਜ਼ ਦੀ ਮਦਦ ਨਾਲ ਬ੍ਰੈਂਡ ਲੋਗੋ ਤਿਆਰ ਕੀਤਾ। ਇਸ ਤੋਂ ਇਲਾਵਾ ਨਵੀਨਤਾ-ਕਾਰੀ ਪੈਕੇਜਿੰਗ, ਲੇਬਲਿੰਗ ਅਤੇ ਬ੍ਰੈਂਡਿੰਗ ਨਾਲ ਗ੍ਰਾਹਕਾਂ ਨੂੰ ਆਕਰਸ਼ਿਤ ਕੀਤਾ। ਉਹਨਾਂ ਨੇ ਆਪਣੇ ਪ੍ਰਤੀਯੋਗੀ ਵਪਾਰੀਆਂ ਤੋਂ ਅਲੱਗ ਦਿਖਣ ਲਈ ਖੁੰਭਾਂ ਦੀ 300-500 ਗ੍ਰਾਮ ਦੀ ਪੈਕੇਜਿੰਗ ਕੀਤੀ। ਇਸ ਸਾਲ ਬੀਬੀ ਰਵਿੰਦਰ ਕੌਰ ਨੇ ਪੀ.ਏ.ਯੂ. ਕਿਸਾਨ ਮੇਲੇ ਤੇ ਆਪਣੇ ਨਵੀਨ ਉਤਪਾਦਾਂ ਕਰਕੇ, ਪਹਿਲਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਦੀ ਕਹਾਣੀ ਸਾਡੇ ਸਮਾਜ ਖਾਸ ਤੌਰ ਤੇ ਘਰੇਲੂ ਔਰਤਾਂ ਲਈ ਇਕ ਉਦਾਹਰਣ ਬਣ ਕੇ ਉਭਰੀ ਹੈ।

**ਨਵਨੀਤ ਕੌਰ, ਗੁਰਵਿੰਦਰ ਸਿੰਘ ਅਤੇ ਰਮਨਦੀਪ ਸਿੰਘ, ਸਕੂਲ ਆਫ ਬਿਜਨਸ ਸਟਡੀਜ਼,**
**ਮੋਬਾਇਲ : 98140-19470**

ਕੁਲਵਿੰਦਰ ਸਿੰਘ ਅਤੇ
ਅੰਕੁਸ਼ ਪਰੋਚ, ਪਸ਼ੂ ਪਾਲਣ ਅਤੇ
ਚਿਕਿਤਸਾ ਪਸਾਰ ਸਿੱਖਿਆ ਵਿਭਾਗ

# ਪੋਲਟਰੀ ਫਾਰਮ ਪ੍ਰਬੰਧ

**ਪੋਲਟਰੀ ਪਾਲਣ ਪਸ਼ੂਆਂ ਦਾ ਇੱਕ ਰੂਪ ਹੈ ਜਿਸ ਵਿੱਚ ਪੋਲਟਰੀ ਪੰਛੀਆਂ ਨੂੰ ਘਰੇਲੂ ਜਾਂ ਵਪਾਰਕ ਤੌਰ ਤੇ ਮੀਟ ਅਤੇ ਅੰਡਿਆਂ ਦੇ ਉਤਪਾਦਨ ਲਈ ਰੱਖਿਆ ਜਾਂਦਾ ਹੈ । ਪੋਲਟਰੀ ਫਾਰਮ ਕਿੱਤੇ ਨੂੰ ਵੱਧ ਉਤਪਾਦਨ ਅਤੇ ਮੁਨਾਫੇ ਵੱਲ ਤੋਰਨ ਲਈ ਇਹ ਲਾਜ਼ਮੀ ਹੈ ਕਿ ਪੋਲਟਰੀ ਪੰਛੀਆਂ ਦੇ ਰਹਿਣ ਸਹਿਣ ਅਤੇ ਖੁਰਾਕ ਦੇ ਵਧੀਆ ਪ੍ਰਬੰਧ ਕੀਤੇ ਜਾਣ । ਵਧੀਆ ਖੁਰਾਕੀ ਪ੍ਰਬੰਧ ਅਤੇ ਉੱਚ ਕੋਟੀ ਦੀ ਡਾਕਟਰੀ ਸਲਾਹ ਨਾਲ ਪੋਲਟਰੀ ਕਿੱਤੇ ਤੋਂ ਵੱਧ ਮੁਨਾਫਾ ਕਮਾਇਆ ਜਾ ਸਕਦਾ ਹੈ । ਪੋਲਟਰੀ ਫਾਰਮਿੰਗ ਦੇ ਕਿੱਤੇ ਲਈ ਹੇਠ ਲਿਖੇ ਪ੍ਰਬੰਧਨ ਅਭਿਆਸਾਂ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਹੈ ਤਾਂ ਕਿ ਵੱਧ ਤੋਂ ਵੱਧ ਮੁਨਾਫਾ ਪ੍ਰਾਪਤ ਕੀਤਾ ਜਾ ਸਕੇ ।**



1) **ਚੂਚਿਆਂ ਦੇ ਆਉਣ ਤੋਂ ਪਹਿਲਾਂ ਸ਼ੈੱਡ ਦੀ ਤਿਆਰੀ** : ਪੋਲਟਰੀ ਸ਼ੈੱਡ ਚੂਚੇ ਆਉਣ ਤੋਂ ਇੱਕ ਹਫਤਾ ਪਹਿਲਾਂ ਤਿਆਰ ਹੋ ਜਾਣਾ ਚਾਹੀਦਾ ਹੈ । ਸ਼ੈੱਡ ਨੂੰ ਆਮ ਤੌਰ ਤੇ ਕੀਟਾਣੂੰਨਾਸ਼ਕਾਂ (ਕੁਆਰਟਰਨਰੀ ਅਮੋਨੀਅਮ ਮਿਸ਼ਰਣ, ਫੀਨੋਲਿਕ ਮਿਸ਼ਰਣ, ਆਇਓਡੋਫੇਰਸ) ਨਾਲ ਸਾਫ ਕੀਤਾ ਜਾ ਸਕਦਾ ਹੈ । ਚੌਲਾਂ ਦਾ ਛਿਲਕਾ/ਲੱਕੜ ਦਾ ਬੂਰਾ ਆਦਿ ਵਿਛਾਉਣੀ ਦੇ ਤੌਰ ਤੇ ਪੋਲਟਰੀ ਪੰਛੀਆਂ ਦੇ ਸ਼ੈੱਡ ਵਿੱਚ ਵਰਤਿਆ ਜਾ ਸਕਦਾ ਹੈ ਅਤੇ ਇਸ ਦੀ ਡੂੰਘਾਈ (ਮੋਟਾਈ) 5 ਸੈਂਟੀਮੀਟਰ ਤੱਕ ਹੋ ਸਕਦੀ ਹੈ ।



2. **ਬਰੂਡਿੰਗ ਪ੍ਰਬੰਧ** : ਬਰੂਡਿੰਗ ਸ਼ੈੱਡ ਵਿੱਚ ਸਹੀ ਤਾਪਮਾਨ ਦਾ ਹੋਣਾ ਬਹੁਤ ਜ਼ਰੂਰੀ ਹੈ ਅਤੇ ਤਾਪਮਾਨ ਵਿੱਚ ਹੋਏ ਵਾਧੇ ਅਤੇ ਘਾਟੇ ਦਾ ਸਿੱਧਾ ਅਸਰ ਪੋਲਟਰੀ ਪੰਛੀਆਂ ਦੀ ਸਿਹਤ ਅਤੇ ਉਤਪਾਦਨ ਤੇ ਹੁੰਦਾ ਹੈ ।

ਇਕ ਸਫਲ ਪੋਲਟਰੀ ਫਾਰਮ ਲਈ ਇਹ ਲਾਜ਼ਮੀ ਹੈ ਕਿ ਫਾਰਮ ਵਿੱਚ ਤਾਪਮਾਨ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਜਾਵੇ ਅਤੇ ਪੋਲਟਰੀ ਪੰਛੀਆਂ ਦੀ ਉਮਰ ਦੇ ਹਿਸਾਬ ਨਾਲ ਤਾਪਮਾਨ ਰੱਖਿਆ ਜਾਵੇ ।

7 ਤੋਂ 10 ਵਰਗ ਇੰਚ (45 ਤੋਂ 65 ਸੈਂਟੀਮੀਟਰ$^2$) ਦੀ ਬਰੂਡਰ ਸਪੇਸ ਪ੍ਰਤੀ ਚੂਚੇ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਇਸ ਨਾਲ ਚੂਚੇ ਗਰਮੀ ਦੇ ਸਰੋਤ ਤੋਂ ਦੂਰ ਨਹੀਂ ਹੁੰਦੇ ।

3. **ਖੁਰਾਕੀ ਪ੍ਰਬੰਧ** : ਚੂਚਿਆਂ ਦੀ ਸਿਹਤ ਅਤੇ ਸੰਭਾਲ ਲਈ ਇਹ ਜ਼ਰੂਰੀ ਹੈ ਕਿ ਖੁਰਾਕ ਵਿੱਚ ਕਿਸੀ ਤਰ੍ਹਾਂ ਦਾ ਜ਼ਹਿਰੀਲਾ ਪਦਾਰਥ ਨਾ ਹੋਵੇ । ਪੋਲਟਰੀ ਫਾਰਮਿੰਗ ਵਿੱਚ ਵਧੀਆ ਮੁਨਾਫੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਪੰਛੀਆਂ ਲਈ ਹਰ ਵੇਲੇ ਪਾਣੀ ਅਤੇ ਖੁਰਾਕ ਉਪਲਬਧ ਹੋਵੇ ਅਤੇ ਫੀਡ ਦੀ ਬਰਬਾਦੀ ਨੂੰ ਬਚਾਉਣ ਲਈ ਇਹ ਲਾਜ਼ਮੀ ਹੈ ਕਿ ਫੀਡਰ ਦੀ ਉਚਾਈ ਪੰਛੀਆਂ ਦੇ ਮੁਤਾਬਿਕ ਹੋਵੇ । ਫੀਡਰ ਦਾ ਆਕਾਰ ਵੀ ਫੀਡ ਦੀ ਬੱਚਤ ਵਿੱਚ ਇਕ ਵੱਡੀ ਭੂਮਿਕਾ ਅਦਾ ਕਰਦਾ ਹੈ । ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਗੋਲਾਕਾਰ ਫੀਡਰ ਵਿੱਚ ਫੀਡ ਦੀ ਬੱਚਤ ਹੁੰਦੀ ਹੈ ਅਤੇ ਗੋਲਾਕਾਰ ਫੀਡਰ ਨਾਲ ਕਾਫੀ ਹੱਦ ਤੱਕ ਫੀਡ ਦੀ ਬਰਬਾਦੀ ਬਚਾਈ ਜਾ ਸਕਦੀ ਹੈ । ਪੋਲਟਰੀ ਪੰਛੀਆਂ ਦੀ ਵੱਧਦੀ ਉਮਰ ਦੇ ਹਿਸਾਬ ਨਾਲ ਫੀਡ ਦੀ ਰਚਨਾ ਨਿਰਧਾਰਿਤ ਹੁੰਦੀ ਹੈ ।

ਬਰੂਡਿੰਗ ਸ਼ੈੱਡ ਜਾਂ ਤਾਪਮਾਨ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ।

| ਉਮਰ (ਹਫਤੇ) | ਤਾਪਮਾਨ ($^0$F) |
|---|---|
| ਪਹਿਲੇ ਹਫਤੇ | 95 |
| ਦੂਜੇ ਹਫਤੇ | 90 |
| ਤੀਜੇ ਹਫਤੇ | 85 |
| ਚੌਥੇ ਹਫਤੇ | 80 |
| ਪੰਜਵੇਂ ਹਫਤੇ | 75 |
| ਛੇਵੇਂ ਹਫਤੇ | 70 |

4. **ਪਾਣੀ ਪ੍ਰਬੰਧ** : ਪੰਛੀਆਂ ਦੀ ਖੁਰਾਕ ਵਿਚ ਪਾਣੀ ਸਭ ਤੋਂ ਮਹੱਤਵਪੂਰਨ ਤੱਤ ਹੈ ਅਤੇ ਇਹ ਪੰਛੀਆਂ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਦਾ 70-80% ਹਿੱਸਾ ਹੈ । ਪੰਛੀਆਂ ਨੂੰ ਪੀਣ ਲਈ ਤਾਜ਼ਾ ਅਤੇ ਸਾਫ ਪਾਣੀ ਦੇਣਾ ਚਾਹੀਦਾ ਹੈ ਕਿਉਂਕਿ ਪਾਣੀ ਦੀ ਘਾਟ ਪੰਛੀਆਂ ਦੀ ਪਾਚਨ ਸ਼ਕਤੀ ਅਤੇ ਸਿਹਤ ਤੇ ਮਾੜਾ ਅਸਰ ਪਾ ਸਕਦੀ ਹੈ । ਇਕ ਨਿਯਮ ਹਮੇਸ਼ਾ ਯਾਦ ਰੱਖੋ ਕਿ ਇੱਕ ਪੰਛੀ ਭਾਰ ਦੇ ਆਧਾਰ ਤੇ ਖੁਰਾਕ ਦੀ ਮਾਤਰਾ ਨਾਲੋਂ ਦੁਗਣਾ ਪਾਣੀ ਪੀ ਸਕਦਾ ਹੈ ਅਤੇ ਮਾਤਰਾ ਗਰਮੀਆਂ ਦੌਰਾਨ ਤਿੰਨ ਤੋਂ ਚਾਰ ਗੁਣਾ ਵੱਧ ਸਕਦੀ ਹੈ ।

5. **ਰਿਹਾਇਸ਼ੀ ਪ੍ਰਬੰਧ** : ਪੰਛੀਆਂ ਦੇ ਸ਼ੈੱਡ ਦੀ ਬਣਤਰ ਪੰਛੀਆਂ ਦੀਆਂ ਜ਼ਰੂਰਤਾਂ ਅਨੁਸਾਰ ਚਾਹੀਦੀ ਹੈ ਅਤੇ ਪੋਲਟਰੀ ਸ਼ੈੱਡ ਦਾ ਲੰਮਾ ਹਿੱਸਾ ਹਮੇਸ਼ਾਂ ਪੂਰਬ ਵੱਲ ਹੋਣਾ ਚਾਹੀਦਾ ਹੈ ਜਿਸ ਨਾਲ ਪੰਛੀਆਂ ਉੱਤੇ ਸਿੱਧੀ ਧੁੱਪ ਨਹੀਂ ਪੈਂਦੀ । ਪੋਲਟਰੀ ਸ਼ੈੱਡ ਦਾ ਆਕਾਰ ਪੰਛੀਆਂ ਦੀ ਗਿਣਤੀ ਤੇ ਨਿਰਭਰ ਕਰਦਾ ਹੈ । ਆਮ ਤੌਰ ਤੇ ਬਰਾਇਲਰ ਪੰਛੀਆਂ ਨੂੰ 1 ਵਰਗ ਫੁੱਟ ਅਤੇ ਮੁਰਗੀ ਨੂੰ 2 ਵਰਗ ਫੁੱਟ ਜਗ੍ਹਾ ਚਾਹੀਦੀ ਹੁੰਦੀ ਹੈ । ਸ਼ੈੱਡ ਦੀ ਲੰਬਾਈ ਕਿਸੇ ਵੀ ਹੱਦ ਤੱਕ ਹੋ ਸਕਦੀ ਹੈ ਪਰ ਚੌੜਾਈ 22 ਤੋਂ 25 ਫੁੱਟ ਤੋਂ ਵੱਧ ਨਹੀਂ ਹੋਣੀ ਚਾਹੀਦੀ । ਬੁਨਿਆਦ ਤੋਂ ਲੈ ਕੇ ਛੱਤ ਦੇ ਪਾਸਿਆਂ ਦੀ ਉਚਾਈ 6 ਤੋਂ 7 ਫੁੱਟ ਕੇਂਦਰ ਵਿੱਚ 10 ਤੋਂ 12 ਫੁੱਟ ਹੋਣੀ ਚਾਹੀਦੀ ਹੈ ।

6. **ਸਿਹਤ ਪ੍ਰਬੰਧ** : ਵਧੀਆ ਮੁਨਾਫੇ ਲਈ ਇਹ ਲਾਜ਼ਮੀ ਹੈ ਕਿ ਪੰਛੀਆਂ ਦੀ ਸਿਹਤ ਦਾ ਪੂਰਾ ਧਿਆਨ ਰੱਖਿਆ ਜਾਵੇ ਅਤੇ ਪੰਛੀਆਂ ਦੀ ਖਰਾਬ ਸਿਹਤ ਦਾ ਸਿੱਧਾ ਅਸਰ ਪੋਲਟਰੀ ਪਾਲਣ ਦੀ ਆਰਥਿਕਤਾ ਤੇ ਹੁੰਦਾ ਹੈ । ਅਸੀਂ ਸਾਫ ਪਾਣੀ, ਸਾਫ ਖੁਰਾਕ ਅਤੇ ਸਾਫ ਵਾਤਾਵਰਣ ਦੇ ਰਾਹੀਂ ਪੋਲਟਰੀ ਪੰਛੀਆਂ ਨੂੰ ਬਿਮਾਰੀਆਂ ਤੋਂ ਦੂਰ ਰੱਖ ਸਕਦੇ ਹਾਂ । ਫਾਰਮ ਵਿੱਚ ਬਿਮਾਰੀਆਂ ਦੀ ਰੋਕਥਾਮ ਲਈ ਪੰਛੀਆਂ ਦਾ ਟੀਕਾਕਰਨ ਕੀਤਾ ਜਾਣਾ ਚਾਹੀਦਾ ਹੈ ।

**ਮੀਟ ਲਈ ਪਾਲੀਆਂ ਜਾਣ ਵਾਲੀਆਂ ਮੁਰਗੀਆਂ (ਬਰਾਇਲਰ) ਲਈ ਟੀਕਾਕਰਣ :**

| ਕਿਸਮ | ਉਮਰ | ਜਗ੍ਹਾ |
|---|---|---|
| ਐਮ.ਡੀ. | ਪਹਿਲੇ ਦਿਨ | ਚਮੜੀ |
| ਰਾਣੀ ਖੇਤ (RDVF$_1$) | 5-7 ਦਿਨ | ਨੱਕ/ਅੱਖ |
| ਆਈ.ਬੀ.ਡੀ. (IBD) | 14 ਦਿਨ | ਨੱਕ/ਅੱਖ |
| ਰਾਣੀ ਖੇਤ (RDVLaSota) | 21 ਦਿਨ | ਪਾਣੀ ਰਾਹੀਂ |
| ਆਈ.ਬੀ.ਡੀ. (IBD) | 28 ਦਿਨ | ਪਾਣੀ ਰਾਹੀਂ |

**ਅੰਡੇ ਦੇਣ ਵਾਲੀਆਂ ਮੁਰਗੀਆਂ ਲਈ ਟੀਕਾਕਰਣ :**

| ਕਿਸਮ | ਉਮਰ | ਜਗ੍ਹਾ |
|---|---|---|
| ਐਮ.ਡੀ. (MD) | ਪਹਿਲੇ ਦਿਨ | ਚਮੜੀ |
| ਰਾਣੀ ਖੇਤ (RDVF$_1$) | 5-7 ਦਿਨ | ਨੱਕ/ਅੱਖ |
| ਆਈ.ਬੀ.ਡੀ. (IBD) | 14 ਦਿਨ | ਨੱਕ/ਅੱਖ |
| ਇਨਫੈਕਸ਼ੀਅਸ ਬਰੌਂਕਾਈਟਸ (Infectious Bronchitious) | 20 ਦਿਨ | ਨੱਕ/ਅੱਖ ਜਾਂ ਪਾਣੀ |
| ਆਈ.ਬੀ.ਡੀ. (IBD) | 25 ਦਿਨ (ਬੂਸਟਰ) | ਨੱਕ/ਅੱਖ |
| ਰਾਣੀ ਖੇਤ (LaSota) | 30 ਦਿਨ | ਪਾਣੀ |
| ਮੁਰਗੀ ਪੋਕਸ (Fool pox) | 42 ਦਿਨ | ਖੰਭ ਦੀ ਚਮੜੀ |
| ਰਾਣੀ ਖੇਤ (R$_2$B) | 56 ਦਿਨ | ਮਾਸਪੇਸ਼ੀ/ਚਮੜੀ |
| ਇਨਫੈਕਸ਼ੀਅਸ ਬਰੌਂਕਾਈਟਸ (I B) | 90 ਦਿਨ (ਬੂਸਟਰ) | ਪਾਣੀ |
| ਮੁਰਗੀ ਪੋਕਸ (Fool pox) | 110 ਦਿਨ | ਖੰਭ ਦੀ ਚਮੜੀ |
| ਰਾਣੀ ਖੇਤ (R$_2$B) | 130 ਦਿਨ (ਬੂਸਟਰ) | ਮਾਸਪੇਸ਼ੀ/ਚਮੜੀ |
| ਰਾਣੀ ਖੇਤ (LaSota) | 200 ਦਿਨ | ਪਾਣੀ |

| ਗੁਣ | ਬ੍ਰਾਇਲਰ ਸਟਾਰਟਰ ਫੀਡ | ਬ੍ਰਾਇਲਰ ਫਿਨਿਸ਼ਰ ਫੀਡ | ਚੂਚਿਆਂ ਦੀ ਫੀਡ | ਗਰੋਅਰ ਫੀਡ | ਲੇਅਰ ਫੀਡ | ਬਰੀਡਰ ਫੀਡ |
|---|---|---|---|---|---|---|
| ਨਮੀ (ਵੱਧ ਤੋਂ ਵੱਧ %) | 11 | 11 | 11 | 11 | 11 | 11 |
| ਕੱਚਾ ਪ੍ਰੋਟੀਨ (ਘੱਟੋ ਘੱਟ %) | 23 | 20 | 20 | 16 | 18 | 18 |
| ਰੇਸ਼ਾ (ਵੱਧ ਤੋਂ ਵੱਧ %) | 6 | 6 | 7 | 8 | 8 | 8 |
| ਤੇਜਾਬ 'ਚ ਅਘੁਲਣਸ਼ੀਲ ਸੁਆਹ (ਵੱਧ ਤੋਂ ਵੱਧ %) | 3 | 3 | 4 | 4 | 4 | 4 |
| ਲੂਣ (ਵੱਧ ਤੋਂ ਵੱਧ %) | 0.6 | 0.6 | 0.6 | 0.6 | 0.6 | 0.6 |
| ਕੈਲਸ਼ੀਅਮ (ਘੱਟੋ ਘੱਟ %) | 1.2 | 1.2 | 1.0 | 1.0 | 3.0 | 3.0 |
| ਫਾਸਫੋਰਸ (ਘੱਟੋ ਘੱਟ %) | 0.5 | 0.5 | 0.5 | 0.5 | 0.5 | 0.5 |
| ਲਾਈਸਾਈਨ (ਘੱਟੋ ਘੱਟ %) | 1.2 | 1.0 | 0.9 | 0.6 | 0.65 | 0.65 |
| ਮਿਥੇਨੀਨ (ਘੱਟੋ ਘੱਟ %) | 0.5 | 0.35 | 0.3 | 0.25 | 0.3 | 0.3 |
| ਊਰਜਾ (ਕਿਲੋ ਕੈਲਰੀ/ਕਿਲੋਗ੍ਰਾਮ) | 2800 | 2900 | 2600 | 2500 | 2600 | 2600 |
| ਮੈਂਗਨੀਜ਼ (ਮਿਲੀਗ੍ਰਾਮ/ਕਿਲੋਗ੍ਰਾਮ) | 90 | 90 | 90 | 90 | 90 | 90 |
| ਵਿਟਾਮਿਨ ਏ (ਆਈ ਯੂ/ਕਿਲੋਗ੍ਰਾਮ) | 6000 | 6000 | 6000 | 6000 | 6000 | 6000 |
| ਵਿਟਾਮਿਨ ਡੀ (ਆਈ ਯੂ/ਕਿਲੋਗ੍ਰਾਮ) | 600 | 600 | 600 | 600 | 600 | 600 |
| ਵਿਟਾਮਿਨ ਈ (ਮਿਲੀਗ੍ਰਾਮ/ਕਿਲੋਗ੍ਰਾਮ) | 15 | 15 | 15 | 10 | 10 | 10 |
| ਵਿਟਾਮਿਨ ਕੇ (ਮਿਲੀਗ੍ਰਾਮ/ਕਿਲੋਗ੍ਰਾਮ) | 1 | 1 | 1 | 1 | 1 | 1 |
| ਰਿਬੋਫਲੇਵਿਨ (ਮਿਲੀਗ੍ਰਾਮ/ਕਿਲੋਗ੍ਰਾਮ) | 6 | 6 | 6 | 3 | 3 | 3 |
| ਬਾਇਓਟਿਨ (ਮਿਲੀਗ੍ਰਾਮ/ਕਿਲੋਗ੍ਰਾਮ) | 0.2 | 0.2 | 0.2 | 0.15 | 0.15 | 0.15 |
| ਪਿਰੀਡੋਕਸਾਈਨ (ਮਿਲੀਗ੍ਰਾਮ/ਕਿਲੋਗ੍ਰਾਮ) | 5 | 5 | 5 | 5 | 5 | 8 |
| ਐਫਲਾਟੋਕਸਿਨ (ਪੀ.ਪੀ.ਵੀ. ਤੋਂ ਘੱਟ) | 50 | 50 | 50 | 50 | 50 | 50 |

# ਕਮਾਦ ਤੋਂ ਵੱਧ ਮੁਨਾਫੇ ਲਈ ਫਸਲ ਉਤਪਾਦਨ ਤਕਨੀਕਾਂ

**ਜਸ਼ਨਜੋਤ ਕੌਰ, ਰਾਜਿੰਦਰ ਪਾਲ ਅਤੇ ਕੁਲਦੀਪ ਸਿੰਘ,**
**ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਖੇਤਰੀ ਖੋਜ ਕੇਂਦਰ, ਕਪੂਰਥਲਾ ।**

**ਕਮਾਦ ਇਕ ਮਹੱਤਵਪੂਰਨ ਫਸਲ ਹੈ । ਇਸ ਫਸਲ ਦੀ ਵੱਧ ਅਨੁਕੂਲਤਾ ਕਾਰਨ ਇਸ ਦੀ ਕਾਸ਼ਤ ਤਕਰੀਬਨ ਹਰ ਤਰ੍ਹਾਂ ਦੀ ਜ਼ਮੀਨ ਅਤੇ ਮੌਸਮ 'ਚ ਕੀਤੀ ਜਾ ਸਕਦੀ ਹੈ । ਸਦਾਬਹਾਰ ਹੋਣ ਕਰਕੇ ਇਸ ਫਸਲ ਦੀ ਕਾਸ਼ਤ ਦੇ ਢੰਗ ਦੂਸਰੀਆਂ ਫਸਲਾਂ ਤੋਂ ਬਿਲਕੁਲ ਭਿੰਨ ਹੈ । ਇਸ ਫਸਲ ਤੋਂ ਵੱਧ ਝਾੜ ਲੈਣ ਲਈ ਹੇਠ ਦੱਸੀਆਂ ਉੱਤਮ ਤਕਨੀਕਾਂ ਅਪਣਾਉਣਾ ਅਤੀ ਜ਼ਰੂਰੀ ਹੈ ।**

**ਕਿਸਮ ਦੀ ਚੋਣ** : ਕਿਸਮਾਂ ਦੇ ਪੱਕਣ ਦੇ ਸਮੇਂ ਅਨੁਸਾਰ ਕਿਸਮਾਂ ਦੀ ਵੰਡ ਅਗੇਤੀਆਂ ਅਤੇ ਦਰਮਿਆਨੀਆਂ-ਪਿਛੇਤੀਆਂ ਆਦਿ 'ਚ ਕੀਤੀ ਗਈ ਹੈ । ਅਗੇਤੀਆਂ ਕਿਸਮਾਂ ਪੱਕਣ ਲਈ 8-10 ਮਹੀਨਿਆਂ ਦਾ ਸਮਾਂ ਲੈਂਦੀਆਂ ਹਨ ਅਤੇ ਨਵੰਬਰ-ਦਸੰਬਰ ਦੌਰਾਨ ਕਟਾਈ ਲਈ ਤਿਆਰ ਹੋ ਜਾਂਦੀਆ ਹਨ, ਪ੍ਰੰਤੂ ਦਰਮਿਆਨੀਆਂ-ਪਿਛੇਤੀਆਂ ਕਿਸਮਾਂ ਜਨਵਰੀ ਤੋਂ ਮਾਰਚ ਦਰਮਿਆਨ ਪੱਕਦੀਆਂ ਹਨ, ਜੋ ਕਿ 10-12 ਮਹੀਨਿਆਂ ਦੌਰਾਨ ਕਟਾਈ ਲਈ ਤਿਆਰ ਹੋ ਜਾਂਦੀਆਂ ਹਨ । ਗੰਨੇ ਦੀ ਕਾਸ਼ਤ ਲਈ ਹੇਠ ਲਿਖੀਆਂ ਕਿਸਮਾਂ ਦੀ ਸਿਫਾਰਿਸ਼ ਕੀਤੀ ਗਈ ਹੈ ।

**ਅਗੇਤੀ ਪੱਕਣ ਵਾਲੀਆਂ ਕਿਸਮਾਂ** : ਸੀ ਓ ਪੀ ਬੀ-95, ਸੀ ਓ ਪੀ ਬੀ-96, ਸੀ ਓ-15023, ਸੀ ਓ ਪੀ ਬੀ-92, ਸੀ ਓ-118, ਸੀ ਓ ਜੇ-85 ਅਤੇ ਸੀ ਓ ਜੇ-64 ਆਦਿ ।

**ਦਰਮਿਆਨੀਆਂ-ਪਿਛੇਤੀ ਪੱਕਣ ਵਾਲੀਆਂ ਕਿਸਮਾਂ** : ਸੀ ਓ ਪੀ ਬੀ-98, ਸੀ ਓ ਪੀ ਬੀ-93, ਸੀ ਓ ਪੀ ਬੀ-94, ਸੀ ਓ ਜੇ-88, ਸੀ ਓ-238 ਅਤੇ ਸੀ ਓ ਪੀ ਬੀ-91 ਆਦਿ ।

**ਬੀਜ ਦੀ ਚੋਣ, ਬੀਜ ਦੀ ਮਾਤਰਾ ਅਤੇ ਬੀਜ ਸੋਧ** : ਬੀਜ ਦੀ ਚੋਣ ਕਰਨ ਸਮੇਂ ਇਹ ਧਿਆਨ 'ਚ ਜ਼ਰੂਰ ਰੱਖੋ ਕਿ ਬਿਜਾਈ ਲਈ ਹਮੇਸ਼ਾ ਗੰਨੇ ਦੇ ਉਪਰਲਾ ਦੋ-ਤਿਹਾਈ ਨਰੋਏ ਹਿੱਸੇ ਨੂੰ ਹੀ ਵਰਤੋਂ ਜਿਹੜਾ ਕੀੜੇ ਅਤੇ ਰੋਗ ਜਿਵੇਂ ਕਿ ਰੱਤਾ ਰੋਗ, ਛੋਟੀਆਂ ਪੋਰੀਆਂ ਅਤੇ ਕਾਂਗਿਆਰੀ ਆਦਿ ਤੋਂ ਰਹਿਤ ਹੋਵੇ । ਇਕ ਏਕੜ ਕਮਾਦ ਬੀਜਣ ਲਈ ਤਿੰਨ ਅੱਖਾਂ ਵਾਲੇ 20 ਹਜ਼ਾਰ ਬਰੋਟੇ ਜਾਂ ਚਾਰ ਅੱਖਾਂ ਵਾਲੇ 15 ਹਜ਼ਾਰ ਬਰੋਟੇ ਜਾਂ 5 ਅੱਖਾਂ ਵਾਲੇ 12 ਹਜ਼ਾਰ ਬਰੋਟੇ ਕਾਫੀ ਹਨ । ਬਰਾਨੀ ਖੇਤੀ ਲਈ ਲੰਮੇ ਬਰੋਟਿਆਂ ਨੂੰ ਤਰਜੀਹ ਦਿਓ । ਦੂਸਰੇ ਸ਼ਬਦਾਂ 'ਚ ਇਕ ਏਕੜ ਦੀ ਬਿਜਾਈ ਲਈ ਕਮਾਦ ਦੀ ਕਿਸਮ ਅਨੁਸਾਰ 30 ਤੋਂ 35 ਕੁਇੰਟਲ ਬੀਜ ਦੀ ਜ਼ਰੂਰਤ ਹੁੰਦੀ ਹੈ । ਕਮਾਦ ਦੀ ਸੀ ਓ ਪੀ ਬੀ-95, ਸੀ ਓ-118 ਅਤੇ ਸੀ ਓ ਜੇ-85 ਕਿਸਮ 'ਚ ਤੋਲ ਅਨੁਸਾਰ 10% ਬੀਜ ਵੱਧ ਵਰਤੋਂ । ਚੰਗੇ ਜੰਮ ਲਈ ਬਰੋਟਿਆਂ ਨੂੰ ਈਥਰਲ ਦੇ ਘੋਲ 'ਚ ਪੂਰੀ ਰਾਤ ਡੋਬਣ ਉਪਰੰਤ ਬਿਜਾਈ ਕਰੋ । ਇਹ ਘੋਲ ਬਣਾਉਣ ਲਈ 25 ਮਿਲੀਲਿਟਰ ਈਥਰਲ 39 ਐਸ ਐਲ ਨੂੰ 100 ਲੀਟਰ ਪਾਣੀ 'ਚ ਘੋਲੋ ਜਾਂ ਬਰੋਟਿਆਂ ਨੂੰ ਬੀਜਣ ਤੋਂ ਪਹਿਲਾਂ 24 ਘੰਟੇ ਪਾਣੀ 'ਚ ਡੋਬ ਲਵੋ ।

**ਬਿਜਾਈ ਦਾ ਸਮਾਂ** : ਪੰਜਾਬ 'ਚ ਬਸੰਤ ਰੁੱਤੇ ਕਮਾਦ ਦੀ ਬਿਜਾਈ ਦਾ ਸਭ ਤੋਂ ਢੁੱਕਵਾਂ ਸਮਾਂ ਅੱਧ ਫਰਵਰੀ ਤੋਂ ਅਖੀਰ ਮਾਰਚ ਤੱਕ ਹੈ । ਅਗੇਤੀਆਂ ਕਿਸਮਾਂ ਦੀ ਬਿਜਾਈ ਮਾਰਚ ਤੋਂ ਬਾਅਦ ਨਾ ਕਰੋ । ਪਿਛੇਤੀ ਬਿਜਾਈ ਤੋਂ ਸੰਕੋਚ ਕਰੋ ।

**ਬਿਜਾਈ ਦਾ ਢੰਗ**

1) **ਖਾਲੀ ਵਿਧੀ ਰਾਹੀਂ ਗੰਨੇ ਦੀ ਬਿਜਾਈ** : ਇਸ ਵਿਧੀ ਰਾਹੀਂ ਬਿਜਾਈ ਕਰਨ ਲਈ ਖਾਲੀਆਂ ਵਿਚਕਾਰ ਫਾਸਲਾ 75 ਸੈਂਟੀਮੀਟਰ ਅਤੇ ਖਾਲੀਆਂ ਦੀ ਡੂੰਘਾਈ 20-25 ਸੈਂਟੀਮੀਟਰ ਰੱਖੋ । ਖਾਲੀਆਂ ਵਿਚਕਾਰ ਫਾਸਲਾ 120 ਸੈਂਟੀਮੀਟਰ ਤੱਕ ਵਧਾਇਆ ਜਾ ਸਕਦਾ ਹੈ ।

2) **ਦੋ ਕਤਾਰੀ ਖਾਲੀ ਵਿਧੀ (90:30/120:30 ਸੈਂਟੀਮੀਟਰ)** : ਇਸ ਵਿਧੀ ਰਾਹੀਂ ਫਸਲ ਦੀ ਬਿਜਾਈ 2 ਕਤਾਰਾਂ 'ਚ ਇਕ ਫੁੱਟ ਚੌੜੀਆਂ ਅਤੇ 20-25 ਸੈਂਟੀਮੀਟਰ ਡੂੰਘੀਆਂ ਖਾਲੀਆਂ ਵਿਚਕਾਰ ਫਾਸਲਾਂ 3 ਫੁੱਟ ਰੱਖੋ, ਜੋ ਕਿ 4 ਫੁੱਟ ਤੱਕ ਵੀ ਵਧਾਇਆ ਜਾ ਸਕਦਾ ਹੈ । ਇਸ ਤਰ੍ਹਾਂ ਬਿਜਾਈ ਕਰਨ ਨਾਲ ਸਿੰਚਾਈ ਵਾਲੇ ਪਾਣੀ ਦੀ ਬੱਚਤ, ਫਸਲ ਦੀ ਸੌਖੀ ਬਣਾਈ ਅਤੇ ਝਾੜ ਵਿਚ ਵਾਧੇ ਦੇ ਨਾਲ-ਨਾਲ ਅੰਤਰ ਫਸਲਾਂ ਦੀ ਕਾਸ਼ਤ ਵਿਚ ਵੀ ਸਹਾਈ ਹੁੰਦਾ ਹੈ ।

ਖਾਲੀ 'ਚ ਗੰਨੇ ਦੀਆਂ ਦੋ ਕਤਾਰਾਂ ਬੀਜਣ ਵਾਸਤੇ ਸ਼ੂਗਰਕੇਨ ਟਰੈਂਚ ਪਲਾਂਟਰ ਵਰਤੋਂ । ਇਸ ਵਿਧੀ ਨਾਲ ਬਿਜਾਈ ਕਰਨ ਨਾਲ ਬਿਜਾਈ 'ਤੇ ਆਉਣ ਵਾਲੇ ਖਰਚ ਨੂੰ 25% ਘਟਾਇਆ ਜਾ ਸਕਦਾ ਹੈ । ਇਸ ਨਾਲ ਇਕ ਦਿਨ ਵਿਚ 2-3 ਏਕੜ ਬਿਜਾਈ ਕੀਤੀ ਜਾ ਸਕਦਾ ਹੈ ।

**ਖਾਦਾਂ ਦੀ ਵਰਤੋਂ** :

**ਜੈਵਿਕ ਅਤੇ ਜੀਵਾਣੂੰ ਖਾਦਾਂ** : ਬਿਜਾਈ ਤੋਂ 15 ਦਿਨ ਪਹਿਲਾਂ 8 ਟਨ ਰੂੜੀ ਦੀ ਖਾਦ ਜਾਂ ਪ੍ਰੈਸ ਮੱਡ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ ਅਤੇ ਇਸ ਨੂੰ ਮਿੱਟੀ 'ਚ ਮਿਲਾ ਦਿਓ । ਖਾਲੀਆਂ 'ਚ ਬਿਜਾਈ ਲਈ ਪ੍ਰੈਸ ਮੱਡ ਨੂੰ ਖਾਲੀਆਂ 'ਚ ਪਾਓ ਅਤੇ ਇਸ ਨੂੰ ਕਸੌਲੇ ਨਾਲ ਮਿੱਟੀ 'ਚ ਰਲਾ ਦਿਓ । ਜੇ ਰੂੜੀ ਜਾਂ ਪ੍ਰੈਸ ਮੱਡ ਦੀ ਵਰਤੋਂ ਕੀਤੀ ਗਈ ਹੋਵੇ ਤਾਂ 40 ਕਿਲੋ ਨਾਈਟ੍ਰੋਜਨ (90 ਕਿੱਲੋ ਯੂਰੀਆ) ਪ੍ਰਤੀ ਏਕੜ ਪਾਓ । ਜੇਕਰ ਸਿਫਾਰਸ਼ ਕੀਤੀ ਹੋਈ ਨਾਈਟ੍ਰੋਜਨ ਤੱਤ ਵਾਲੀ ਖਾਦ ਦੇ ਨਾਲ-ਨਾਲ ਰੂੜੀ ਦਾ ਪ੍ਰਯੋਗ ਵੀ ਕੀਤਾ ਜਾਵੇ ਤਾਂ ਝਾੜ 'ਚ 10 ਪ੍ਰਤੀਸ਼ਤ ਦਾ ਔਸਤਨ ਵਾਧਾ ਹੁੰਦਾ ਹੈ । ਅਜ਼ੋਟੋਬੈਕਟਰ/ ਕਨਸੋਰਸ਼ੀਅਮ (ਜੀਵਾਣੂੰ ਖਾਦ) 4 ਕਿੱਲੋ ਪ੍ਰਤੀ ਏਕੜ ਬਿਜਾਈ ਸਮੇਂ ਖਾਲੀਆਂ ਵਿਚ ਪਾਉਣ ਨਾਲ ਗੰਨੇ ਦੇ ਝਾੜ ਵਿਚ ਵਾਧਾ ਹੁੰਦਾ ਹੈ । ਜੇ ਰੂੜੀ ਦੀ ਖਾਦ ਘੱਟ ਹੋਵੇ ਤਾਂ ਜੈਵਿਕ ਖਾਦਾਂ (ਕਨਸੋਰਸ਼ੀਅਮ) 4 ਕਿੱਲੋ ਅਤੇ 4 ਟਨ ਰੂੜੀ ਖਾਦ ਪ੍ਰਤੀ ਏਕੜ ਬੀਜੜ ਅਤੇ ਮੂਢੀ ਫਸਲ ਨੂੰ ਪਾਓ । ਜੀਵਾਣੂੰ ਖਾਦ ਦਾ ਇਹ ਟੀਕਾ ਪੀ.ਏ.ਯੂ. ਦੀ ਬੀਜਾਂ ਦੀ ਦੁਕਾਨ, ਗੇਟ ਨੰ. 1, ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰਾ ਤੋਂ ਮਿਲਦਾ ਹੈ ।



**ਰਸਾਇਣਕ ਖਾਦਾਂ ਤੇ ਉਨ੍ਹਾਂ ਦੇ ਪਾਉਣ ਦਾ ਸਮਾਂ** : ਬੀਜੜ ਅਤੇ ਮੂਢੀ ਫਸਲ ਲਈ ਕ੍ਰਮਵਾਰ 60 ਅਤੇ 90 ਕਿੱਲੋ ਨਾਈਟ੍ਰੋਜਨ ਪ੍ਰਤੀ ਏਕੜ ਦੀ ਵਰਤੋਂ ਕਰੋ । ਨਾਈਟ੍ਰੋਜਨ ਦੀ ਮਾਤਰਾ ਨੂੰ ਪੂਰਾ ਕਰਨ ਲਈ ਕ੍ਰਮਵਾਰ 130 ਅਤੇ 195 ਕਿੱਲੋ ਯੂਰੀਆ ਬੀਜੜ ਅਤੇ ਮੂਢੀ ਫਸਲ ਲਈ ਵਰਤੋਂ । ਬੀਜੜ ਫਸਲ ਨੂੰ ਨਾਈਟ੍ਰੋਜਨ ਖਾਦ ਦਾ ਅੱਧਾ ਹਿੱਸਾ ਕਮਾਦ ਜੰਮਣ ਤੋਂ ਬਾਅਦ ਪਹਿਲੇ ਪਾਣੀ ਨਾਲ ਲਾਈਨਾਂ ਦੇ ਨਾਲ ਕੇਰਾ ਕਰੋ ਜਾਂ ਡਰਿਲ ਕਰੋ ਅਤੇ ਬਾਕੀ ਦੀ ਅੱਧੀ ਖਾਦ ਇਸੇ ਤਰੀਕੇ ਨਾਲ ਮਈ-ਜੂਨ 'ਚ ਡਰਿਲ ਕਰ ਦਿਓ । ਮੂਢੀ ਫਸਲ ਨੂੰ ਫਰਵਰੀ 'ਚ ਪਹਿਲੀ ਗੋਡੀ ਜਾਂ ਵਾਹੀ ਸਮੇਂ ਨਾਈਟ੍ਰੋਜਨ ਖਾਦ ਦਾ ਤੀਜਾ ਹਿੱਸਾ ਛੱਟੇ ਨਾਲ ਪਾਓ । ਤੀਸਰਾ ਹਿੱਸਾ ਹਿੱਸਾ ਫੇਰ ਅਪ੍ਰੈਲ 'ਚ ਅਤੇ ਬਾਕੀ ਰਹਿੰਦਾ ਤੀਸਰਾ ਹਿੱਸਾ ਮਈ 'ਚ ਪਾਓ । ਫਾਸਫੋਰਸ ਵਾਲੀ ਖਾਦ (ਮਿੱਟੀ ਪਰਖ ਅਨੁਸਾਰ) ਸਿਆੜਾਂ 'ਚ ਬਰੋਟਿਆਂ ਦੇ ਹੇਠਾਂ ਪਾਓ ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਸੁਚੱਜੀ ਰੋਕਥਾਮ ਲਈ ਟਰੈਕਟਰ ਨਾਲ ਚੱਲਣ ਵਾਲੇ ਤ੍ਰਿਫਾਲੀ ਜਾਂ ਰੋਟਰੀ ਵੀਡਰ ਨਾਲ 2-3 ਗੋਡੀਆਂ ਕਰੋ । ਪੂਰਾ ਕਮਾਦ ਉੱਗਣ ਉਪਰੰਤ ਕਮਾਦ ਦੀਆਂ ਕਤਾਰਾਂ ਵਿਚਕਾਰ ਸੁੱਕੇ ਘਾਹ-ਫੂਸ ਦੀ ਤਹਿ ਵਿਛਾ ਦਿਓ । ਇਸ ਢੰਗ ਖਾਸ ਕਰਕੇ ਬਰਾਨੀ ਹਾਲਾਤਾਂ 'ਚ ਬਹੁਤ ਲਾਹੇਵੰਦ ਹੈ, ਕਿਉਂਕਿ ਇਸ ਨਾਲ ਜ਼ਮੀਨ 'ਚ ਨਮੀਂ ਵੀ ਸਾਂਭੀ ਰਹਿੰਦੀ ਹੈ । ਇਸ ਦੇ ਨਾਲ ਹੀ ਖੇਤੀ ਰਸਾਇਣਾਂ ਦੀ ਵਰਤੋਂ ਕਰ ਕੇ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਬਿਜਾਈ ਤੋਂ 2-3 ਦਿਨਾਂ ਦੇ ਅੰਦਰ ਪ੍ਰਤੀ ਏਕੜ 800 ਗ੍ਰਾਮ ਐਟਰਾਟਾਫ/ਸੈਲਾਰੋ/ਮਾਸਟਾਫ/ਮਾਰਕਾਜੀਨ 50 ਡਬਲਿਊ. ਪੀ. (ਐਟਰਾਜ਼ੀਨ) ਜਾਂ ਸੈਨਕੋਰ 70 ਡਬਲਿਊ. ਪੀ. (ਮੈਟਰੀਬਿਊਜ਼ਿਨ) ਜਾਂ ਕਾਰਮੈਕਸ/ਕਲਾਸ 80 ਡਬਲਿਊ. ਪੀ. (ਡਾਈਯੂਰੋਨ) ਜਾਂ 1000 ਗ੍ਰਾਮ ਅਥਾਰਟੀ ਐਨ.ਐਕਸ.ਟੀ.-58 ਡਬਲਿਊ. ਪੀ. ਨੂੰ 200 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰਨ ਨਾਲ ਮੌਸਮੀ ਨਦੀਨਾਂ ਦੀ ਰੋਕਥਾਮ ਜੋ ਜਾਂਦੀ ਹੈ । ਜਿਨ੍ਹਾਂ ਜ਼ਮੀਨਾਂ 'ਚ ਸਖਤ ਨਦੀਨ ਜਿਵੇਂ ਕਿ ਬਾਂਸ ਪੱਤੇ ਦੀ ਭਰਮਾਰ ਹੋਵੇ ਉਸ ਦੀ ਰੋਕਥਾਮ ਲਈ ਸੈਨਕੋਰ 70 ਡਬਲਿਊ. ਪੀ. ਜਾਂ ਕਾਰਮੈਕਸ/ਕਲਾਸ 80 ਡਬਲਿਊ. ਪੀ. ਹੀ ਵਰਤੋ । ਡੀਲੇ ਦੀ ਰੋਕਥਾਮ ਲਈ ਖੜੀ ਫਸਲ 'ਚ 800 ਗ੍ਰਾਮ ਪ੍ਰਤੀ ਏਕੜ 2,4 ਡੀ, ਸੋਡੀਅਮ ਸਾਲਟ 80 ਡਬਲਿਊ. ਪੀ. ਨੂੰ 200 ਲੀਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ । ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਇਨ੍ਹਾਂ ਦੀ 3-5 ਪੱਤਿਆਂ ਦੀ ਅਵਸਥਾ ਤੇ ਪ੍ਰਤੀ ਏਕੜ 800 ਗ੍ਰਾਮ 2,4 ਡੀ, ਸੋਡੀਅਮ ਸਾਲਟ 80 ਡਬਲਿਊ. ਪੀ. ਜਾਂ 400 ਮਿਲੀਲੀਟਰ 2,4 ਡੀ ਅਮਾਈਨ ਸਾਲਟ 58 ਪਾਣੀ ਐਸ. ਐਲ ਦਾ ਛਿੜਕਾਅ ਕਰੋ ।

**ਸਿੰਚਾਈ ਅਤੇ ਜਲ ਨਿਕਾਸ** : ਗਰਮ ਅਤੇ ਖੁਸ਼ਕ ਮੌਸਮ ਕਰਕੇ ਅਪ੍ਰੈਲ ਤੋਂ ਜੂਨ ਵਾਲਾ ਸਮਾਂ ਕਮਾਦ ਦੇ ਵਾਧੇ ਲਈ ਬਹੁਤ ਨਾਜ਼ੁਕ ਸਮਾਂ ਹੈ । ਇਸ ਦੌਰਾਨ ਫਸਲ ਨੂੰ 7-12 ਦਿਨਾਂ ਦੇ ਵਕਫੇ 'ਤੇ ਪਾਣੀ ਦਿੰਦੇ ਰਹੋ । ਬਾਰਿਸ਼ਾਂ ਦੇ ਦਿਨਾਂ 'ਚ ਜੇਕਰ ਖੇਤ 'ਚ ਬਾਰਿਸ਼ਾਂ ਦੇ ਦਿਨਾਂ 'ਚ ਜੇਕਰ ਖੇਤ 'ਚ ਬਾਰਿਸ਼ਾਂ ਨਾਲ ਬਹੁਤਾ ਪਾਣੀ ਖੜ੍ਹਾ ਹੋ ਜਾਵੇ ਤਾਂ ਉਸ ਨੂੰ ਬਾਹਰ ਕੱਢ ਦਿਓ । ਸਰਦੀਆਂ 'ਚ (ਨਵੰਬਰ-ਜਨਵਰੀ) ਕਮਾਦ ਨੂੰ ਪਾਣੀ ਇਕ ਮਹੀਨੇ ਦੇ ਵਕਫੇ 'ਤੇ ਲਗਾਓ । ਫਸਲ ਨੂੰ ਕੋਰੇ ਤੋਂ ਬਚਾਉਣ ਲਈ ਇਕ ਪਾਣੀ ਦਸੰਬਰ ਦੇ ਅੱਧ 'ਚ ਅਤੇ ਇਕ ਹੋਰ ਪਾਣੀ ਜਨਵਰੀ ਦੇ ਪਹਿਲੇ ਹਫਤੇ ਲਗਾਓ ।

# ਘੱਟ ਅਲਕੋਹਲ ਵਾਲੀ ਕਾਰਬੋਨੇਟਿਡ ਪੇਅ ਤਕਨਾਲੋਜੀ : ਫਲ ਉਤਪਾਦਕਾਂ ਲਈ ਇਕ ਵਾਧੂ ਆਮਦਨੀ ਸਰੋਤ

ਪੰਜਾਬ ਸੂਬਾ ਮੁੱਖ ਤੌਰ ਤੇ ਫਲ ਉਤਪਾਦਕ ਸੂਬੇ ਵਜੋਂ ਜਾਣਿਆ ਜਾਂਦਾ ਹੈ । ਇਸ ਸੂਬੇ ਵਿਚ ਕਿੰਨੂ, ਅਮਰੂਦ, ਅੰਬ, ਬੇਰ, ਅੰਗੂਰ, ਲੀਚੀ, ਆੜੂ ਆਦਿ ਫਲ ਬਹੁਤਾਤ ਵਿਚ ਪਾਏ ਜਾਂਦੇ ਹਨ । ਤੁੜਾਈ ਉਪਰੰਤ ਇਹਨਾਂ ਫਲਾਂ ਦੀ ਮੰਡੀ ਵਿਚ ਬਹੁਤਾਤ ਕਾਰਨ ਇਸਦਾ ਵਾਜਬ ਮੁੱਲ ਨਹੀਂ ਮਿਲਦਾ । ਇਸ ਤੋਂ ਇਲਾਵਾ ਫਲਾਂ ਦੇ ਛੇਤੀ ਖਰਾਬ ਹੋਣ ਦੇ ਕਾਰਨ ਇਸ ਵਿਚ ਤੁੜਾਈ, ਭੰਡਾਰਨ ਅਤੇ ਢੋਆ-ਢੋਆਈ ਸਮੇਂ ਜੀਵਾਣੂੰਆਂ ਵੱਲੋਂ ਵੀ ਚੋਖੀ ਖੇਪ ਖਰਾਬ ਕੀਤੀ ਜਾਂਦੀ ਹੈ । ਇਹਨਾਂ ਜੀਵਾਣੂੰਆਂ ਦੁਆਰਾ ਕਈ ਉੱਲੀਆਂ ਅਤੇ ਜ਼ਹਿਰੀਲੇ ਤੱਤ ਜਿਵੇਂ ਮਾਈਕੋਟੋਕਸਿਨ ਤਿਆਰ ਕੀਤੇ ਜਾਂਦੇ ਹਨ ਜੋ ਕਿ ਮਨੁੱਖੀ ਸਿਹਤ ਲਈ ਬਹੁਤ ਘਾਤਕ ਹੁੰਦੇ ਹਨ ।

ਉਪਰੋਕਤ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਈਕ੍ਰੋਬਾਇਆਲੋਜੀ ਵਿਭਾਗ ਵੱਲੋਂ ਕੁਦਰਤੀ ਰੂਪ ਵਿਚ ਘੱਟ ਅਲਕੋਹਲ ਵਾਲੀ ਕਾਰਬੋਨੇਟਿਡ ਪਦਾਰਥ ਤਿਆਰ ਕਰਨ ਦੀ ਵਿਧੀ ਤਿਆਰ ਕੀਤੀ ਹੈ ਜੋ ਕਿ ਆਰਥਿਕ ਪੱਖੋਂ ਬਹੁਤ ਹੀ ਅਨੁਕੂਲ ਤਕਨਾਲੋਜੀ ਹੈ । ਇਸ ਵਿਧੀ ਨਾਲ ਅਸੀਂ ਫਲਾਂ ਦੀ ਪੌਸ਼ਟਿਕਤਾ ਵੀ ਹਾਸਲ ਕਰ ਸਕਦੇ ਹਾਂ ਅਤੇ ਪ੍ਰੋਸੈਸਿੰਗ ਕਰਕੇ ਚੋਖਾ ਮੁਨਾਫਾ ਵੀ ਕਮਾ ਸਕਦੇ ਹਾਂ ।

ਵਿਭਾਗ ਵੱਲੋਂ ਇਹ ਤਕਨਾਲੋਜੀ ਕਿੰਨੂ, ਨਿੰਬੂ, ਸੰਤਰਾ, ਗਰੇਪਫਰੂਟ, ਪਾਈਨਐਪਲ, ਅਲੂਚਾ ਅਤੇ ਅਮਰੂਦ ਲਈ ਸਿਫਾਰਸ਼ ਕੀਤੀ ਹੈ । ਇਹਨਾਂ ਤੋਂ ਪ੍ਰਾਪਤ ਪੇਅ ਪਦਾਰਥ ਮਾਰਕੀਟ ਵਿਚ ਹੋਰ ਉਪਲੱਬਧ ਪੇਅ ਪਦਾਰਥਾਂ ਤੋਂ ਕਈ ਗੁਣਾ ਚੰਗੇ ਹਨ । ਇਸ ਵਿਧੀ ਰਾਹੀਂ ਪਤਲੇ ਜੂਸ ਦੀ ਖਮੀਰੀਕਰਨ ਰਾਹੀਂ ਘਰ ਦੇ ਤਾਪਮਾਨ ਤੇ ਪ੍ਰੋਸੈਸ ਕੀਤਾ ਜਾਂਦਾ ਹੈ ਅਤੇ ਘੱਟ ਤਾਪਮਾਨ ਵਿਚ ਸਟੋਰ ਕਰ ਲਿਆ ਜਾਂਦਾ ਹੈ । ਇਹਨਾਂ ਪੇਅ ਪਦਾਰਥਾਂ ਨੂੰ ਤਿੰਨ ਮਹੀਨੇ ਤੱਕ ਫਰਿੱਜ਼ ਵਿਚ ਸੰਭਾਲਿਆ ਜਾ ਸਕਦਾ ਹੈ । ਵਿਸ਼ੇਸ਼ ਗੱਲ ਇਹ ਹੈ ਕਿ ਖਮੀਰੀਕਰਨ ਨਾਲ ਤਿਅਰ ਕੀਤੇ ਇਹਨਾਂ ਪੇਅ ਪਦਾਰਥਾਂ ਵਿਚ ਵੱਖ-ਵੱਖ ਸਵਾਦ ਅਨੁਸਾਰ ਜ਼ਾਇਕੇ ਵੀ ਸ਼ਾਮਲ ਕੀਤੇ ਜਾ ਸਕਦੇ ਹਨ । ਇਸ ਵਿਧੀ ਰਾਹੀਂ ਅਸੀਂ ਪੇਅ ਪਦਾਰਥਾਂ ਛੋਟੇ ਅਤੇ ਵਪਾਰਕ ਪੱਧਰ ਤੇ ਵੀ ਤਿਆਰ ਕਰ ਸਕਦੇ ਹਾਂ । ਜੂਸਾਂ ਨੂੰ ਉਬਾਲਣ ਉਪਰੰਤ ਸ਼ੱਕਰ ਇਸ ਵਿਚ ਪਾਈ ਜਾਂਦੀ ਹੈ ਅਤੇ ਇਸਨੂੰ ਰਿਫਰੈਕਟੋਮੀਟਰ ਜਾਂ ਹਾਈਡ੍ਰੋਮੀਟਰ ਨਾਲ ਪਰਖਿਆ ਜਾਂਦਾ ਹੈ । ਇਸ ਉਪਰੰਤ ਪ੍ਰਾਪਤ ਜੂਸ ਨੂੰ ਸ਼ੀਸ਼ੇ ਦੇ ਬਰਤਨਾਂ ਵਿਚ ਪਾਇਆ ਜਾਂਦਾ ਹੈ ।

ਮਾਈਕ੍ਰੋਬਾਇਆਲੋਜੀ ਵਿਭਾਗ ਵੱਲੋਂ ਇਸ ਤਕਨਾਲੋਜੀ ਲਈ ਇਕ ਸਮਝੌਤਾ ਪੱਤਰ (MoA) ਵੀ ਹਸਤਾਖਰ ਕੀਤਾ ਗਿਆ ਹੈ । ਇਸ ਸੰਬੰਧੀ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਹੁਨਰ ਵਿਕਾਸ ਕੇਂਦਰ ਵਿਚ ਸਿਖਲਾਈ ਦੀ ਦਿੱਤੀ ਜਾਂਦੀ ਹੈ ਅਤੇ ਆਪਣੀਆਂ ਲਘੂ ਇਕਾਈਆਂ ਸਥਾਪਿਤ ਕਰਨ ਲਈ ਇਸ ਤਕਨਾਲੋਜੀ ਨੂੰ ਕੋਈ ਵੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ 40,000 ਰੁਪਏ ਵਿਚ ਲੈ ਕੇ ਆਪਣਾ ਕੰਮ ਵੀ ਆਰੰਭ ਕਰ ਸਕਦਾ ਹੈ ।

**ਰਿਚਾ ਅਰੋੜਾ, ਕੇਸ਼ਾਨੀ ਅਤੇ ਜੀ. ਐੱਸ. ਕੋਚਰ,**
**ਮਾਈਕ੍ਰੋਬਾਇਆਲੋਜੀ ਵਿਭਾਗ, ਪੀ. ਏ. ਯੂ.,**
**ਲੁਧਿਆਣਾ ਮੋਬਾਈਲ** : 84278-66334

# ਮੈਂਥੇ ਦੀ ਕਾਸ਼ਤ ਲਈ ਸੁਧਰੀਆਂ ਤਕਨੀਕਾਂ

ਰਜਿੰਦਰ ਕੁਮਾਰ, ਪਰਮਪ੍ਰੀਤ ਕੌਰ ਅਤੇ ਮਨਪ੍ਰੀਤ ਸਿੰਘ ਬਰਾੜ,
ਸਕੂਲ ਆਫ ਔਰਗੈਨਿਕ ਫਾਰਮਿੰਗ, ਪੀ. ਏ. ਯੂ., ਲੁਧਿਆਣਾ

ਪੰਜਾਬ ਦੀ ਖੇਤੀ-ਜਲਵਾਯੂ ਹਾਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਫਸਲੀ ਵਿਭਿੰਨਤਾ ਵਿੱਚ ਯੋਗਦਾਨ ਪਾਉਣ ਲਈ ਮੈਂਥਾ ਨੂੰ ਸਫਲਤਾਪੂਰਵਕ ਉਗਾਇਆ ਜਾ ਸਕਦਾ ਹੈ। ਬਹਾਰ ਰੁੱਤ ਸ਼ੁਰੂ ਹੋਣ ਤੋਂ ਮੈਂਥਾ (ਜਾਪਾਨੀ ਪੁਦੀਨਾ) ਪੰਜਾਬ ਵਿੱਚ ਸਫਲਤਾ ਨਾਲ ਉਗਾਇਆ ਜਾ ਸਕਦਾ ਹੈ। ਜ਼ਮੀਨ ਦੀ ਪ੍ਰਤੀ ਇਕਾਈ ਉਤਪਦਾਕਤਾ ਵਧਾਉਣ ਲਈ ਮੈਂਥੇ ਨੂੰ ਅੰਤਰ ਫਸਲ ਵਜੋਂ, ਵੱਖ-ਵੱਖ ਹੋਰ ਫਸਲਾਂ ਜਿਵੇਂ ਕਿ ਗੰਨਾ, ਸੂਰਜਮੁਖੀ ਅਤੇ ਪਿਆਜ਼ ਵਿੱਚ ਵੀ ਉਗਾਇਆ ਜਾ ਸਕਦਾ ਹੈ। ਫਸਲ ਦੀ ਕਾਸ਼ਤ ਮੁੱਖ ਤੌਰ ਤੇ ਇਸ ਦੇ ਤੇਲ (0.5-0.75%) ਲਈ ਕੀਤੀ ਜਾਂਦੀ ਹੈ। ਜਿਸਦੀ ਵਰਤੋਂ ਦਵਾਈਆਂ, ਹਾਰ ਸ਼ਿੰਗਾਰ ਦਾ ਸਾਮਾਨ, ਖਾਣ-ਪੀਣ ਵਾਲੀਆਂ ਵਸਤਾਂ ਅਤੇ ਖੁਸ਼ਬੂਦਾਰ ਤੇਲ ਆਦਿ ਵਿੱਚ ਹੁੰਦੀ ਹੈ। ਇਸ ਦੀਆਂ ਇਹਨਾਂ ਅਨੇਕਾਂ ਵਰਤੋਂ ਕਾਰਨ, ਮੈਂਥੇ ਦੀ ਕਾਸ਼ਤ ਦੇ ਰਕਬੇ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਪੰਜਾਬ ਵਿੱਚ ਇਸ ਦੀ ਕਾਸ਼ਤ ਲਗਭਗ 15000 ਹੈਕਟੇਅਰ ਰਕਬੇ ਵਿੱਚ ਕੀਤੀ ਜਾਂਦੀ ਹੈ। ਸਿੰਚਾਈ ਦੀਆਂ ਯਕੀਨੀ ਸਹੂਲਤਾਂ ਨਾਲ ਪੰਜਾਬ ਦੇ ਕਿਸੇ ਵੀ ਖੇਤਰ ਵਿੱਚ ਮੈਂਥਾ ਉਗਾਇਆ ਜਾ ਸਕਦਾ ਹੈ। ਮੈਂਥੇ ਦੀ ਚਾਰ ਉਪ ਜਾਤੀਆਂ ਮੈਂਥੋਲਮਿੰਟ / ਜਾਪਾਨੀ ਪੁਦੀਨਾ, ਪਿਪਰਮਿੰਟ, ਸਪੀਅਰਮਿੰਟ ਅਤੇ ਔਰੇਂਜਮਿੰਟ ਦੀ ਕਾਸ਼ਤ ਪੰਜਾਬ ਵਿੱਚ ਕੀਤੀ ਜਾ ਸਕਦੀ ਹੈ, ਪ੍ਰੰਤੂ ਪੰਜਾਬ ਵਿੱਚ ਮੁੱਖ ਤੌਰ ਤੇ ਮੈਂਥੋਲਮਿੰਟ / ਜਾਪਾਨੀ ਪੁਦੀਨਾ ਦੀ ਹੀ ਕਾਸ਼ਤ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਕੁੱਝ ਭਾਗਾਂ ਵਿੱਚ ਪਿਪਰਮਿੰਟ ਅਤੇ ਸਪੀਅਰਮਿੰਟ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ। ਮੈਂਥੋਲਮਿੰਟ/ਜਾਪਾਨੀ ਪੁਦੀਨੇ ਦੀ ਕੋਸੀ ਕਿਸਮ ਦੀ ਵਪਾਰਕ ਕਾਸ਼ਤ ਲਈ ਸਿਫਾਰਸ਼ ਕੀਤੀ ਜਾਂਦੀ ਹੈ, ਜਿਸ ਵਿੱਚ ਤੇਲ ਦੀ ਮਾਤਰਾ ਸਭ ਤੋਂ ਵੱਧ (0.60-0.7) ਹੈ। ਕੋਸੀ ਕਿਸਮ ਸਭ ਤੋਂ ਵੱਧ ਝਾੜ ਅਤੇ ਤੇਲ ਦਿੰਦੀ ਹੈ ਜੇਕਰ ਕਾਸ਼ਤ ਦੇ 150 ਦਿਨਾਂ ਵਿਚ ਕਟਾਈ ਕੀਤੀ ਜਾਂਦੀ ਹੈ।



ਹੇਠ ਲਿਖੇ ਨੁਕਤੇ ਅਪਣਾ ਕੇ ਮੈਂਥੇ ਤੋਂ ਵਧੇਰੇ ਝਾੜ ਅਤੇ ਮੁਨਾਫਾ ਲਿਆ ਜਾ ਸਕਦਾ ਹੈ।

**ਜ਼ਮੀਨ ਦੀ ਕਿਸਮ** : ਮੈਂਥੇ ਦੀ ਕਾਸ਼ਤ ਕਲਰਾਠੇਪਣ ਅਤੇ ਸੇਮ ਰਹਿਤ, ਚੰਗੇ ਜਲ ਨਿਕਾਸ, ਚੰਗੇ ਜੈਵਿਕ ਪਦਾਰਥ ਵਾਲੀ, ਰੇਤਲੀ ਮੈਰਾ ਤੋਂ ਮੈਰਾ ਜ਼ਮੀਨਾਂ ਤੇ ਕੀਤੀ ਜਾ ਸਕਦੀ ਹੈ।

**ਬੀਜ ਦੀ ਮਾਤਰਾ** : ਮੈਂਥੇ ਦੀ ਕਾਸ਼ਤ ਲਈ ਬਿਮਾਰੀ-ਰਹਿਤ ਤਾਜ਼ੀਆਂ ਜੜ੍ਹਾਂ (ਸੱਕਰ Sucker) ਦੀ ਵਰਤੋਂ ਕਰੋ। ਇੱਕ ਏਕੜ ਦੀ ਬਿਜਾਈ ਲਈ 2 ਕੁਇੰਟਲ ਜੜ੍ਹਾਂ ਦੀ ਜ਼ਰੂਰਤ ਪੈਂਦੀ ਹੈ ਜੋ ਕਿ ਪਿਛਲੇ ਸਾਲ ਦੀ ਫਸਲ ਵਾਲੀ ਤਕਰੀਬਨ ਅੱਧੇ ਕਨਾਲ (10 ਮਰਲੇ) ਜਗ੍ਹਾ ਵਿੱਚੋਂ ਮਿਲ ਜਾਂਦੀਆਂ ਹਨ। ਜਿਹੜੀਆਂ ਜੜ੍ਹਾਂ ਪੁੰਗਰੀਆਂ ਹੋਣ ਉਹਨਾਂ ਨੂੰ ਨਹੀਂ ਬੀਜਣਾ ਚਾਹੀਦਾ, ਕਿਉਕਿ ਇਹਨਾਂ ਵਿੱਚੋਂ ਬਹੁਤੀਆਂ ਮਰ ਜਾਂਦੀਆਂ ਹਨ। ਬਿਜਾਈ ਲਈ ਜੜ੍ਹਾਂ ਦੀ ਲੰਬਾਈ 5 ਤੋਂ 8 ਸੈਂਟੀਮੀਟਰ ਹੋਣੀ ਚਾਹੀਦੀ ਹੈ। ਬਿਜਾਈ ਤੋਂ ਪਹਿਲਾਂ ਜੜ੍ਹਾਂ ਨੂੰ ਸਾਫ ਪਾਣੀ ਨਾਲ ਧੋ ਲੈਣਾ ਚਾਹੀਦਾ ਹੈ।

**ਬਿਜਾਈ ਦਾ ਸਮਾਂ ਅਤੇ ਤਰੀਕਾ** : ਸਹੀ ਸਮੇਂ ਤੇ ਬਿਜਾਈ ਕਰਕੇ ਫਸਲ ਨੂੰ ਸਹੀ ਵਾਤਾਵਰਣ ਮੁਹੱਈਆ ਕਰਵਾਇਆ ਜਾ ਸਕਦਾ ਹੈ। ਮੈਂਥੇ ਦੀ ਬਿਜਾਈ ਅੱਧ ਜਨਵਰੀ ਤੱਕ ਕੀਤੀ ਜਾ ਸਕਦੀ ਹੈ ਅਤੇ ਕੋਸੀ ਕਿਸਮ ਨੂੰ ਅੱਧ ਫਰਵਰੀ ਤੱਕ ਵੀ ਬੀਜਿਆ ਜਾ ਸਕਦਾ ਹੈ। ਪਿਛੇਤੀ ਹਾਲਤ ਵਿੱਚ, ਜੇਕਰ ਚੰਗੀਆਂ ਸਿੰਚਾਈ ਸਹੂਲਤਾਂ ਹੋਣ, ਤਾਂ ਇਸ ਦੀ ਪਨੀਰੀ ਰਾਹੀਂ ਬਿਮਾਰੀ ਅਪ੍ਰੈਲ ਵਿੱਚ ਦੀ ਕੀਤੀ ਜਾ ਸਕਦੀ ਹੈ।

ਬਿਜਾਈ ਤੋਂ ਪਹਿਲਾਂ ਖੇਤ ਨੂੰ 2-3 ਵਾਰ ਵਾਹ ਤੇ ਚੰਗੀ ਤਰ੍ਹਾਂ ਤਿਆਰ ਕਰ ਲੈਣਾ ਚਾਹੀਦਾ ਹੈ ਤਾਂ ਕਿ ਖੇਤ ਨਦੀਨਾਂ, ਮੁੱਢਾਂ ਅਤੇ ਵੱਡੇ ਢੇਲਿਆਂ ਤੋਂ ਰਹਿਤ ਹੋ ਜਾਵੇ। ਬਿਜਾਈ ਲਾਈਨਾਂ ਵਿੱਚ ਡੇਢ ਫੁੱਟ (45 ਸੈਂਟੀਮੀਟਰ) ਦੀ ਵਿੱਥ ਤੇ ਕਰਨੀ ਚਾਹੀਦੀ ਹੈ। ਮੈਂਥੇ ਦੀਆਂ ਜੜ੍ਹਾਂ ਦੇ ਸਿਰਿਆਂ ਨੂੰ ਇਕ ਦੂਸਰੇ ਨਾਲ ਜੋੜ ਕੇ 4-5 ਸੈਂਟੀਮੀਟਰ ਡੂੰਘਾ ਬੀਜਣਾ ਚਾਹੀਦਾ ਹੈ। ਇਸ ਢੰਗ ਦੇ ਬਦਲ ਵਿੱਚ ਵਧੇਰੇ ਝਾੜ ਅਤੇ ਪਾਣੀ ਦੀ ਸੁਚੱਜੀ ਵਰਤੋਂ ਲਈ ਮੈਂਥੇ ਦੀ ਕਾਸ਼ਤ 67.5 ਸੈਂਟੀਮੀਟਰ ਚੌੜੇ ਬੈੱਡਾਂ ਤੇ 2 ਕਤਾਰਾਂ ਲਗਾ ਕੇ ਵੀ ਕੀਤੀ ਜਾ ਸਕਦੀ ਹੈ ਜਾਂ ਖੇਤ ਵਿੱਚ ਜੜ੍ਹਾਂ ਖਿਲਾਰ ਕੇ 60 ਸੈਂਟੀਮੀਟਰ ਚੌੜੀਆਂ ਵੱਟਾਂ ਬਣਾਈਆਂ ਜਾ ਸਕਦੀਆਂ ਹਨ। ਪਾਣੀ ਦੀ ਸੁਚੱਜੀ ਵਰਤੋਂ ਅਤੇ ਨਦੀਨਾਂ ਦੀ ਰੋਕਥਾਮ ਵਾਸਤੇ ਪ੍ਰਤੀ ਏਕੜ 24 ਕੁਇੰਟਲ ਝੋਨੇ ਦੀ ਪਰਾਲੀ ਖੇਤ ਵਿੱਚ ਪਾ ਦਿਓ। ਬਿਜਾਈ ਉਪਰੰਤ ਖੇਤ ਵਿੱਚ ਹਲਕਾ ਪਾਣੀ ਲਾ ਦੇਣਾ ਚਾਹੀਦਾ ਹੈ।

**ਅੰਤਰ ਫਸਲ ਬੀਜਣਾ** : ਅੰਤਰ ਫਸਲ ਬੀਜਣ ਨਾਲ ਇਕ ਹੀ ਸਮੇਂ ਜ਼ਮੀਨ ਦੇ ਇੱਕ ਹੀ ਹਿੱਸੇ ਤੋਂ ਵਧੇਰੇ ਮੁਨਾਫਾ ਕਮਾਇਆ ਜਾ ਸਕਦਾ ਹੈ। ਮੈਂਥੇ ਨੂੰ ਅੰਤਰ ਫਸਲ ਵਜੋਂ ਕਮਾਦ ਅਤੇ ਸੂਰਜਮੁਖੀ ਜਾਂ ਪਿਆਜ਼ ਨੂੰ ਮੈਂਥੇ ਵਿੱਚ ਸਫਲਤਾ ਪੂਰਵਕ ਉਗਾਇਆ ਜਾ ਸਕਦਾ ਹੈ। ਕਮਾਦ ਵਿੱਚ ਮੈਂਥੇ ਦੀ ਬਿਜਾਈ ਲਈ ਫਰਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਕਮਾਦ ਦੀਆਂ 2 ਕਤਾਰਾਂ ਵਿੱਚ ਮੈਂਥੇ ਦੀ ਇੱਕ ਕਤਾਰ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਲਈ 1 ਕੁਇੰਟਲ ਮੈਂਥੇ ਦੀਆਂ ਜੜ੍ਹਾਂ ਦੀ ਜ਼ਰੂਰਤ ਪੈਂਦੀ ਹੈ। ਕਮਾਦ ਵਿੱਚ ਬੀਜੇ ਮੈਂਥੇ ਦੀ ਕੇਵਲ ਇਕ ਹੀ ਕਟਾਈ ਕਰਨੀ ਚਾਹੀਦੀ ਹੈ। ਜੇਕਰ ਮੈਂਥੇ ਨੂੰ ਸੂਰਜਮੁਖੀ ਵਿੱਚ ਬੀਜਣਾ ਹੋਵੇ ਤਾਂ ਅਖੀਰ ਜਨਵਰੀ ਵਿੱਚ ਇਸ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜਿਸ ਲਈ ਮੈਂਥੇ ਦੀਆਂ 150 ਕਿਲੋ ਜੜ੍ਹਾਂ ਪ੍ਰਤੀ ਏਕੜ ਦੀ ਜ਼ਰੂਰਤ ਪੈਂਦੀ ਹੈ। ਸੂਰਜਮੁਖੀ ਦੀ ਉੱਤਰ-ਦੱਖਣ ਦੀ ਦਿਸ਼ਾ ਵੱਲ ਲਾਈਨਾਂ ਵਿੱਚ 4 ਫੁੱਟ (120 ਸੈਂਟੀਮੀਟਰ) ਦੀ ਵਿੱਥ ਤੇ ਬਿਜਾਈ ਕਰਨੀ ਚਾਹੀਦੀ ਹੈ ਅਤੇ ਬੂਟੇ ਦਾ ਫਾਸਲਾ ਅੱਧਾ ਫੁੱਟ (15 ਸੈਂਟੀਮੀਟਰ) ਰੱਖਣਾ ਚਾਹੀਦਾ ਹੈ। ਸੂਰਜਮੁਖੀ ਦੀਆਂ 2 ਕਤਾਰਾਂ ਵਿੱਚ ਮੈਂਥੇ ਦੀਆਂ 2 ਕਤਾਰਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਜੇਕਰ ਮੈਂਥੇ ਅਤੇ ਪਿਆਜ਼ ਦੀ ਅੰਤਰ ਫਸਲ ਵਜੋਂ ਬੀਜਣਾ ਹੋਵੇ ਤਾਂ ਇਸ ਦੀ ਬਿਜਾਈ ਅੱਧ ਜਨਵਰੀ ਤੋਂ ਅਖੀਰ ਜਨਵਰੀ ਤੱਕ ਕੀਤੀ ਜਾ ਸਕਦੀ ਹੈ। ਡੇਢ ਫੁੱਟ (45 ਸੈਂਟੀਮੀਟਰ) ਦੀ ਵਿੱਥ ਤੇ ਮੈਂਥੇ ਦੀਆਂ 2 ਕਤਾਰਾਂ ਵਿਚਕਾਰ ਇੱਕ ਕਤਾਰ ਪਿਆਜ਼ ਦੀ ਬਿਜਾਈ ਕੀਤੀ ਜਾ ਸਕਦੀ ਹੈ। ਪਿਆਜ਼ਾਂ ਵਿੱਚ ਬੂਟੇ ਤੋਂ ਬੂਟੇ ਦਾ ਫਾਸਲਾ 3 ਇੰਚ (7.5 ਸੈਂਟੀਮੀਟਰ) ਰੱਖਣਾ ਚਾਹੀਦਾ ਹੈ।

**ਖਾਦ ਪ੍ਰਬੰਧ** : ਮੈਂਥੇ ਦੀ ਫਸਲ ਰੂੜੀ ਦੀ ਖਾਦ ਨੂੰ ਬਹੁਤ ਮੰਨਦੀ ਹੈ, ਇਸ ਲਈ ਮੈਂਥੇ ਦੀ ਫਸਲ ਨੂੰ ਇੱਕ ਏਕੜ ਵਿੱਚ 10-15 ਟਨ ਚੰਗੀ ਤਰ੍ਹਾਂ ਗਲੀ ਸੜੀ ਰੂੜੀ ਦੀ ਖਾਦ ਪਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ, 60 ਕਿਲੋ ਨਾਈਟ੍ਰੋਜਨ ਅਤੇ 16 ਕਿਲੋ ਫਾਸਫੋਰਸ/ਏਕੜ ਵੀ ਪਾਉਣੀ ਚਾਹੀਦੀ ਹੈ। ਜੋ ਕ੍ਰਮਵਾਰ 130 ਕਿਲੋ ਯੂਰੀਆ ਅਤੇ 100 ਕਿਲੋ ਐੱਸ ਐੱਸ ਪੀ ਦੀ ਵਰਤੋਂ ਨਾਲ ਪੂਰੀ ਕੀਤੀ ਸਕਦੀ ਹੈ। ਜੇ ਫਾਸਫੋਰਸ ਨੂੰ 35 ਕਿਲੋ ਡੀ ਏ ਪੀ ਦੁਆਰਾ ਪਾਉਣਾ ਹੈ, ਤਾਂ ਯੂਰੀਆ ਦੀ ਖੁਰਾਕ ਤੋਂ ਪ੍ਰਤੀ ਏਕੜ 15 ਕਿਲੋ ਘਟਾਓ। ਸਾਰੀ ਫਾਸਫੋਰਸ ਅਤੇ ਇੱਕ ਚੌਥਾਈ ਹਿੱਸਾ ਨਾਈਟ੍ਰੋਜਨ ਬਿਜਾਈ ਸਮੇਂ ਪਾਉਣੀ ਚਾਹੀਦੀ ਹੈ। ਨਾਈਟ੍ਰੋਜਨ ਦਾ ਦੂਜਾ ਹਿੱਸਾ ਬਿਜਾਈ ਤੋਂ 40 ਦਿਨਾਂ ਬਾਅਦ ਪਾਉਣਾ ਚਾਹੀਦਾ ਹੈ। ਜੇਕਰ ਮੈਂਥੇ ਦੀ ਦੂਜੀ ਕਟਾਈ ਕਰਨੀ ਹੋਵੇ ਤਾਂ ਬਾਕੀ ਬਚਦੀ ਅੱਧੀ ਨਾਈਟ੍ਰੋਜਨ ਖਾਦ ਨੂੰ ਫਿਰ ਦੋ ਬਰਾਬਰ ਹਿੱਸਿਆਂ ਵਿੱਚ ਵੰਡ ਕੇ ਇੱਕ ਹਿੱਸਾ ਪਹਿਲੀ ਕਟਾਈ ਤੋਂ ਬਾਅਦ ਅਤੇ ਦੂਜਾ ਉਸ ਤੋਂ 40 ਦਿਨਾਂ ਬਾਅਦ ਪਾਉਣਾ ਚਾਹੀਦਾ ਹੈ।

ਜੇ ਮੈਂਥਾ ਦੀ ਸਿਰਫ ਇੱਕ ਹੀ ਕਟਾਈ ਕੀਤੀ ਜਾਏ, ਤਾਂ 30 ਕਿਲੋ ਪ੍ਰਤੀ ਏਕੜ ਦੋ ਬਰਾਬਰ ਹਿੱਸਿਆਂ ਵਿੱਚ ਬਿਜਾਈ ਵੇਲੇ ਅਤੇ 40 ਦਿਨਾਂ ਬਾਅਦ ਪਾਇਆ ਜਾ ਸਕਦਾ ਹੈ। ਅੰਤਰ-ਫਸਲਾਂ ਦੇ ਮਾਮਲੇ ਵਿੱਚ ਗੰਨੇ, ਸੂਰਜਮੁਖੀ ਅਤੇ ਪਿਆਜ਼ ਦੀਆਂ ਫਸਲਾਂ ਦੀ ਪਹਿਲਾਂ ਤੋਂ ਸਿਫਾਰਿਸ਼ ਕੀਤੀ ਖਾਦ ਖੁਰਾਕਾਂ ਲਈ ਪੌਸ਼ਟਿਕ ਤੱਤਾਂ ਦੀ ਵਾਧੂ ਖੁਰਾਕ ਦੀ ਜ਼ਰੂਰਤ ਸਾਰਣੀ-1 ਵਿੱਚ ਦਿੱਤੀ ਗਈ ਹੈ।

**ਸਾਰਣੀ-1 : ਖਾਦ ਪ੍ਰਤੀ ਏਕੜ**

| ਅੰਤਰ ਫਸਲ | ਨਾਈਟ੍ਰੋਜਨ | ਫਾਸਫੋਰਸ | ਪੋਟਾਸ਼ |
|---|---|---|---|
| ਗੰਨਾ+ਮੈਂਥਾ (2:1) | 18 ਕਿਲੋਗ੍ਰਾਮ (39 ਕਿਲੋਗ੍ਰਾਮ ਯੂਰੀਆ) | 10 ਕਿਲੋਗ੍ਰਾਮ (62 ਕਿਲੋ ਐੱਸ.ਐੱਸ.ਪੀ) | --- |
| ਸੂਰਜਮੁਖੀ+ਮੈਂਥਾ (2:2) | 23 ਕਿਲੋਗ੍ਰਾਮ (50 ਕਿਲੋਗ੍ਰਾਮ ਯੂਰੀਆ) | 12 ਕਿਲੋਗ੍ਰਾਮ (75 ਕਿਲੋ ਐੱਸ.ਐੱਸ.ਪੀ) | --- |
| ਮੈਂਥਾ+ਪਿਆਜ਼ (2:1) | 13 ਕਿਲੋਗ੍ਰਾਮ (30 ਕਿਲੋਗ੍ਰਾਮ ਯੂਰੀਆ) | 7 ਕਿਲੋਗ੍ਰਾਮ (44 ਕਿਲੋ ਐੱਸ.ਐੱਸ.ਪੀ) | 7 ਕਿਲੋ (12 ਕਿਲੋ ਐਮ.ਓ.ਪੀ) |



**ਨਦੀਨ ਪ੍ਰਬੰਧ** : ਮੈਂਥੇ ਦੀ ਸ਼ੁਰੂਆਤੀ ਵਾਧਾ ਵਿਕਾਸ ਹੌਲੀ ਹੋਣ ਕਰਕੇ ਅਤੇ ਕਤਾਰਾਂ ਵਿਚਕਾਰ ਫਾਸਲਾ ਵੱਧ ਹੋਣ ਕਰਕੇ ਮੈਂਥੇ ਵਿੱਚ ਨਦੀਨਾਂ ਦੀ ਸਮੱਸਿਆ ਵਧੇਰੇ ਆ ਜਾਂਦੀ ਹੈ। ਨਦੀਨ ਫਸਲ ਦੇ ਝਾੜ ਅਤੇ ਤੇਲ ਦੀ ਮਾਤਰਾ ਦੇ ਨਾਲ-ਨਾਲ ਤੇਲ ਦੀ ਗੁਣਵੱਤਾ ਤੇ ਵੀ ਬਹੁਤ ਪ੍ਰਭਾਵ ਪਾਉਂਦੇ ਹਨ। ਇਸ ਲਈ ਵਧੇਰੇ ਉਪਜ ਅਤੇ ਚੰਗੀ ਗੁਣਵੱਤਾ ਦਾ ਤੇਲ ਪੈਦਾ ਕਰਨ ਲਈ ਫਸਲ ਨੂੰ ਨਦੀਨਾਂ ਤੋਂ ਮੁਕਤ ਰੱਖਣਾ ਚਾਹੀਦਾ ਹੈ। ਮੈਂਥੇ ਦੀ ਫਸਲ ਦੇ ਮੁੱਢਲੇ ਵਾਧੇ ਦੌਰਾਨ ਨਦੀਨਾਂ ਦੀ ਰੋਕਥਾਮ ਪਹੀਏ ਵਾਲੀ ਗੋਡੀ ਕਰਕੇ ਵੀ ਕੀਤੀ ਜਾ ਸਕਦੀ ਹੈ।

**ਪਾਣੀ ਪ੍ਰਬੰਧ** : ਮੈਂਥੇ ਦੀ ਫਸਲ ਦੇ ਪੂਰੇ ਵਾਧੇ ਵਿਕਾਸ ਵਾਸਤੇ ਸਮੇਂ ਸਿਰ ਪਾਣੀ ਦੇਣਾ ਬਹੁਤ ਜ਼ਰੂਰੀ ਹੈ। ਇਸ ਨੂੰ ਪਾਣੀ ਹਲਕੇ ਅਤੇ ਛੇਤੀ ਲਗਾਉਣੇ ਚਾਹੀਦੇ ਹਨ। ਬਿਜਾਈ ਤੋਂ ਲੈ ਕੇ ਮਾਰਚ ਦੇ ਅੰਤ ਤੱਕ ਤਾਪਮਾਨ ਘੱਟ ਹੋਣ ਕਰਕੇ ਫਸਲ ਨੂੰ ਪਾਣੀ 10 ਦਿਨਾਂ ਦੇ ਵਕਫੇ ਬਾਅਦ ਅਤੇ ਅਪ੍ਰੈਲ ਸ਼ੁਰੂ ਹੋਣ ਤੋਂ ਲੈ ਕੇ ਬਾਰਸ਼ਾਂ ਸ਼ੁਰੂ ਹੋਣ ਤੱਕ ਮੌਸਮ ਗਰਮ ਹੋਣ ਤੇ ਪਾਣੀ ਪੰਜ-ਛੇ ਦਿਨਾਂ ਦੇ ਵਕਫੇ ਬਾਅਦ ਲਗਾਉਣਾ ਚਾਹੀਦਾ ਹੈ। ਬਾਰਸ਼ਾਂ ਦੇ ਮੌਸਮ ਵਿੱਚ ਪਾਣੀ ਕੇਵਲ ਲੋੜ ਅਨੁਸਾਰ ਹੀ ਦੇਣਾ ਚਾਹੀਦਾ ਹੈ। ਪਾਣੀ ਅਤੇ ਖਾਦਾਂ ਦੀ ਬੱਚਤ ਅਤੇ ਫਸਲ ਦੇ ਵਧੇਰੇ ਝਾੜ ਲਈ ਤੁਪਕਾ ਸਿੰਚਾਈ ਵਿਧੀ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

**ਤੁਪਕਾ ਸਿੰਚਾਈ ਵਿਧੀ ਨਾਲ ਪਾਣੀ ਅਤੇ ਖਾਦਾਂ ਦੀ ਵਰਤੋਂ** : ਤੁਪਕਾ ਸਿੰਚਾਈ ਅਤੇ ਖਾਦਾਂ ਦੀ ਵਰਤੋਂ ਨਾਲ ਮੈਂਥੋਲਮਿੰਟ/ਜਾਪਾਨੀ ਪੁਦੀਨੇ ਦੇ ਝਾੜ ਵਿੱਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਪਾਣੀ ਅਤੇ ਖਾਦਾਂ ਦੀ ਬੱਚਤ ਵੀ ਹੁੰਦੀ ਹੈ। ਮੈਂਥੇ ਨੂੰ ਬਰੀਕ ਪਾਈਪਾਂ, ਜਿਸ ਉੱਪਰ 30 ਸੈਂਟੀਮੀਟਰ (ਇਕ ਫੁੱਟ) ਦੀ ਵਿੱਥ ਉੱਪਰ 2.2 ਲਿਟਰ ਪ੍ਰਤੀ ਘੰਟਾ ਪਾਣੀ ਕੱਢਣ ਦੀ ਸਮਰੱਥਾ ਵਾਲੇ ਡਰਿੱਪਰ ਲੱਗੇ ਹੋਣ ਰਾਹੀਂ, 3-3 ਦਿਨਾਂ ਦੇ ਵਕਫੇ ਉਪਰ ਪਾਣੀ ਦੇਣਾ ਚਾਹੀਦਾ ਹੈ। ਇਸ ਤੁਪਕੇ ਦੇ ਨਿਰਧਾਰਨ ਨਲ, ਮਾਰਚ, ਅਪ੍ਰੈਲ, ਮਈ ਅਤੇ ਜੂਨ ਦੇ ਦੌਰਾਨ ਕ੍ਰਮਵਾਰ 40, 65, 70 ਅਤੇ 75 ਮਿੰਟ ਲਈ ਤੁਪਕੇ ਸਿੰਚਾਈ ਨੂੰ ਚਲਾਓ।

ਜੇਕਰ ਡਰਿੱਪਰ ਡਿਸਚਾਰਜ ਰੇਟ ਵੱਖਰੇ ਹੋਣ ਦਾ ਸਿੰਚਾਈ ਦਾ ਸਮਾਂ ਹੇਠ ਲਿਖੇ ਫਾਰਮੂਲੇ ਨਾਲ ਕੱਢਿਆ ਜਾ ਸਕਦਾ ਹੈ।

$$\text{ਸਿੰਚਾਈ ਦਾ ਸਮਾਂ (ਮਿੰਟ)} = \frac{2.2 \times \text{ਸਿੰਚਾਈ ਦਾ ਸਮਾਂ (ਮਿੰਟ)}}{\text{ਡਰਿਪਰ ਦੀ ਪਾਣੀ ਕੱਢਣ ਦੀ ਸਮਰੱਥਾ (ਲਿਟਰ/ਘੰਟਾ)}}$$

ਮੈਂਥੇ ਦੀ ਇੱਕ ਕਟਾਈ ਲੈਣ ਲਈ 24 ਕਿਲੋ ਨਾਈਟ੍ਰੋਜਨ ਅਤੇ 12.8 ਕਿਲੋ ਫਾਸਫੋਰਸ ਪ੍ਰਤੀ ਏਕੜ ਦੇ ਹਿਸਾਬ ਨਾਲ 10 ਬਰਾਬਰ ਹਿੱਸਿਆਂ ਵਿੱਚ ਵੰਡ ਕੇ ਤੁਪਕਾ ਸਿੰਚਾਈ ਵਿਧੀ ਰਾਹੀਂ ਪਾਉਣਾ ਚਾਹੀਦਾ ਹੈ। ਨਾਈਟ੍ਰੋਜਨ ਦੀ ਪੂਰਤੀ ਲਈ 46 ਪ੍ਰਤੀਸ਼ਤ ਯੂਰੀਆ ਅਤੇ ਫਾਸਫੋਰਸ ਦੀ ਪੂਰਤੀ ਲਈ ਮੋਨੋ ਅਮੋਨੀਅਮ ਫਾਸਫੇਟ (12-61-0 ਗਰੇਡ) ਦੀ ਵਰਤੋਂ ਕੀਤੀ ਜਾਂਦੀ ਹੈ। ਪਹਿਲਾ 1/10 ਹਿੱਸਾ ਬਿਜਾਈ ਤੋਂ ਤੁਰੰਤ ਬਾਅਦ ਪਹਿਲੇ ਪਾਣੀ ਦੇ ਨਾਲ ਪਾਉਣਾ ਚਾਹੀਦਾ ਹੈ ਅਤੇ ਬਾਕੀ ਬੱਚਦੇ ਨਾਈਟ੍ਰੋਜਨ ਅਤੇ ਫਾਸਫੋਰਸ ਦੇ 9 ਹਿੱਸਿਆਂ ਨੂੰ ਬਿਜਾਈ ਤੋਂ ਇਕ ਮਹੀਨੇ ਬਾਅਦ 9-9 ਦਿਨਾਂ ਦੇ ਵਕਫੇ ਬਾਅਦ ਪਾਉਣਾ ਚਾਹੀਦਾ ਹੈ।

**ਫਸਲ ਦੀ ਕਟਾਈ ਅਤੇ ਝਾੜ** : ਮੈਂਥੇ ਦੀ ਫਸਲ ਨੂੰ ਫੁੱਲ ਪੈਣੇ ਸ਼ੁਰੂ ਹੋਣ ਤੇ ਕੱਟ ਲੈਣੀ ਚਾਹੀਦੀ ਹੈ। ਜੇਕਰ ਹੇਠਲੇ ਪੱਤੇ ਪੀਲੇ ਪੈ ਕੇ ਝੜਨੇ ਸ਼ੁਰੂ ਹੋ ਜਾਣ ਤਾਂ ਕਟਾਈ ਫੁੱਲ ਸ਼ੁਰੂ ਹੋਣ ਤੋਂ ਪਹਿਲਾਂ ਵੀ ਕੀਤੀ ਜਾ ਸਕਦੀ ਹੈ। ਅਗਲਾ ਫੁਟਾਰਾ ਚੰਗਾ ਲੈਣ ਲਈ ਫਸਲ ਦੀ ਕਟਾਈ 6-8 ਸੈਂਟੀਮੀਟਰ ਉੱਚੀ ਕਰਨੀ ਚਾਹੀਦੀ ਹੈ। ਮੈਂਥੇ ਦੀ ਫਸਲ ਦੀਆਂ ਦੋ ਕਟਾਈਆਂ ਵੀ ਲਈਆਂ ਜਾ ਸਕਦੀਆਂ ਹਨ। ਪਹਿਲੀ ਕਟਾਈ ਜੂਨ ਅਤੇ ਦੂਸਰੀ ਕਟਾਈ ਸਤੰਬਰ ਮਹੀਨੇ ਵਿੱਚ ਕੀਤੀ ਜਾ ਸਕਦੀ ਹੈ। ਔਸਤਨ ਤੌਰ ਤੇ, ਮੈਂਥੇ ਦੀ ਫਸਲ ਇੱਕ ਏਕੜ ਵਿੱਚ 100-125 ਕੁਇੰਟਲ ਝਾੜ ਦਿੰਦੀ ਹੈ। ਜਿਸ ਵਿੱਚੋਂ 0.50 ਤੋਂ 0.75 ਪ੍ਰਤੀਸ਼ਤ ਤੇਲ ਹੁੰਦਾ ਹੈ।

**ਮੈਂਥੇ ਵਿੱਚੋਂ ਤੇਲ ਕੱਢਣਾ** : ਫਸਲ ਦੀ ਕਟਾਈ ਉਪਰੰਤ ਪਾਣੀ ਦੀ ਮਾਤਰਾ ਘੱਟ ਕਰਨ ਲਈ ਫਸਲ ਨੂੰ ਇੱਕ ਰਾਤ ਰੱਖ ਕੇ ਕੁਮਲਾਉਣ ਦੇਣਾ ਚਾਹੀਦਾ ਹੈ। ਮੈਂਥੇ ਵਿੱਚੋਂ ਭਾਫ ਵਾਲੇ ਢੰਗ ਨਾਲ ਕਸ਼ੀਦ ਕਰਕੇ ਤੇਲ ਕੱਢਿਆ ਜਾ ਸਕਦਾ ਹੈ। ਕਸ਼ੀਦਣ ਵਿਧੀ ਰਾਹੀਂ ਤੇਲ ਕੱਢਣ ਲਈ ਪ੍ਰਾਈਵੇਟ ਪਲਾਂਟ ਵੀ ਲੱਗੇ ਹੋਏ ਹਨ, ਜਿਨ੍ਹਾਂ ਰਾਹੀਂ ਕਿਸਾਨ ਆਪਣੀ ਫਸਲ ਦਾ ਤੇਲ ਕੱਢਵਾ ਸਕਦੇ ਹਨ। ਕਿਸਾਨ ਵੀਰਾਂ ਨੂੰ ਮੈਂਥੇ ਦੀ ਕਾਸ਼ਤ ਤੋਂ ਪਹਿਲਾਂ ਇਹ ਦੇਖ ਲੈਣਾ ਚਾਹੀਦਾ ਹੈ ਕਿ ਨੇੜੇ-ਤੇੜੇ ਤੇਲ ਕੱਢਣ ਵਾਲਾ ਪਲਾਂਟ ਜ਼ਰੂਰ ਲੱਗਿਆ ਹੋਵੇ ਜਿੱਥੇ ਤੇਲ ਕੱਢਿਆ ਜਾ ਸਕੇ।

## ਸਰਦ ਰੁੱਤ ਦੌਰਾਨ

# ਫਲਦਾਰ ਬੂਟਿਆਂ ਨੂੰ 'ਕੋਰੇ' ਤੋਂ ਕਿਵੇਂ ਬਚਾਈਏ?

ਡਾ. ਸੁਖਜੀਤ ਕੌਰ, ਫਲ ਵਿਗਿਆਨੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਖੇਤਰੀ ਖੋਜ ਕੇਂਦਰ, ਗੁਰਦਾਸਪੁਰ

ਸਰਦੀਆਂ ਦੇ ਮੌਸਮ ਦੌਰਾਨ ਘੱਟ ਤਾਪਮਾਨ ਫਸਲਾਂ, ਸਬਜ਼ੀਆਂ ਅਤੇ ਫਲਦਾਰ ਬੂਟਿਆਂ ਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਸਰਦੀਆਂ 'ਚ ਤਾਪਮਾਨ ਸਿਫਰ ਸੈਂਟੀਗਰੇਡ ਤੋਂ ਥੱਲੇ ਡਿੱਗ ਜਾਂਦਾ ਹੈ ਤਾਂ ਕੋਰਾ ਪੈਣਾ ਸ਼ੁਰੂ ਹੋ ਜਾਂਦਾ ਹੈ। ਪੰਜਾਬ 'ਚ ਕੋਰੇ ਦਾ ਪ੍ਰਭਾਵ ਅਖੀਰ ਦਸੰਬਰ ਤੇ ਜਨਵਰੀ ਮਹੀਨਿਆਂ 'ਚ ਰਹਿੰਦਾ ਹੈ। ਕੋਰਾ ਬੂਟਿਆਂ ਨੂੰ ਕਾਫੀ ਨੁਕਸਾਨ ਪਹੁੰਚਾਉਂਦਾ ਹੈ। ਜੇ ਇਸ ਸਮੇਂ ਬੂਟਿਆਂ ਦੀ ਸਹੀ ਦੇਖ-ਭਾਲ ਨਾਲ ਕੀਤੀ ਜਾਵੇ ਤਾਂ ਇਨ੍ਹਾਂ 'ਤੇ ਬਰਫ ਜੰਮਣ ਨਾਲ ਵੀ ਕਈ ਵਾਰ ਬੂਟੇ ਮਰ ਜਾਂਦੇ ਹਨ। ਆਮ ਤੌਰ 'ਤੇ ਬਾਗਬਾਨ ਸਰਦੀ ਦੇ ਮੌਸਮ 'ਚ ਫਲਦਾਰ ਬੂਟਿਆਂ ਵੱਲ ਬਹੁਤ ਘੱਟ ਧਿਆਨ ਦਿੰਦੇ ਹਨ, ਸਿੱਟੇ ਵਜੋਂ ਸਰਦ ਰੁੱਤ 'ਚ ਬੂਟੇ ਕੋਰੇ ਦਾ ਪ੍ਰਭਾਵ ਹੇਠ ਆ ਕੇ ਖਤਮ ਹੋ ਜਾਂਦੇ ਹਨ। ਸਦਾਬਹਾਰ ਫਲਦਾਰ ਬੂਟੇ ਜਿਵੇਂ



ਕਿ ਅੰਬ, ਲੀਚੀ, ਪਪੀਤਾ, ਅਮਰੂਦ, ਕੇਲਾ ਅਤੇ ਨਿੰਬੂ ਜਾਤੀ ਦੇ ਫਲ ਆਦਿ ਕੋਰੇ ਦੇ ਪ੍ਰਭਾਵ ਹੇਠਾਂ ਅਕਸਰ ਜ਼ਿਆਦਾ ਆਉਂਦੇ ਹਨ। ਫਲਦਾਰ ਬੂਟਿਆਂ ਤੋਂ ਲੰਮੇ ਸਮੇਂ ਤੱਕ ਵਧੇਰੇ ਝਾੜ ਅਤੇ ਵਧੀਆ ਗੁਣਵੱਤਾ ਵਾਲੇ ਫਲ ਲੈਣ ਲਈ ਇਨ੍ਹਾਂ ਨੂੰ ਕੋਰੇ ਦੀ ਮਾਰ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਇਸ ਲਈ ਕੁਝ ਹੇਠ ਲਿਖੇ ਨੁਕਤੇ ਅਪਨਾਏ ਜਾ ਸਕਦੇ ਹਨ।

**ਹਵਾ ਰੋਕੂ ਵਾੜ ਲਗਾਉਣੀ** : ਫਲਦਾਰ ਬੂਟਿਆਂ ਨੂੰ ਕੋਰੇ ਤੋਂ ਬਚਾਉਣ ਲਈ, ਇਨ੍ਹਾਂ ਦਾ ਬਾਗ ਲਾਉਣ ਤੋਂ ਪਹਿਲਾਂ ਹਵਾ ਰੋਕੂ ਵਾੜ ਉੱਤਰ-ਪੱਛਮ ਦਿਸ਼ਾ 'ਚ ਲਗਾਉਣੀ ਚਾਹੀਦੀ ਹੈ। ਹਮੇਸ਼ਾਂ ਹੀ ਹਵਾ ਰੋਕੂ ਵਾਰ ਲਾਉਣ ਲਈ ਉੱਚੀ ਲੰਬਾਈ ਵਾਲੇ ਦਰੱਖਤ ਜਿਵੇਂ ਕਿ ਅਰਜਨ, ਸਫੈਦਾ, ਟਾਹਲੀ, ਅੰਬ, ਤੂਤ ਆਦਿ ਦੀ ਚੋਣ ਕਰੋ ਅਤੇ ਇਨ੍ਹਾਂ ਹਵਾ ਰੋਕੂ ਵਾੜ ਵਾਲੇ ਦਰੱਖਤਾਂ ਦੇ ਵਿਚਕਾਰ ਬੋਗਨਵਿਲੀਆ, ਕਰੌਂਦਾ ਆਦਿ ਦੀ ਵਾੜ ਵੀ ਲਗਾ ਦਿਓ।

**ਫਲਦਾਰ ਬੂਟਿਆਂ ਨੂੰ ਲਗਾਉਣ ਵੇਲੇ ਚੋਣ** : ਵੱਖ-ਵੱਖ ਫਲਦਾਰ ਬੂਟਿਆਂ ਦੀ ਘੱਟ ਤਾਪਮਾਨ ਨੂੰ ਸਹਿਣਸ਼ੀਲਤਾ 'ਚ ਵੱਖੋ-ਵੱਖਰੀ ਸਮਰੱਥਾ ਹੁੰਦੀ ਹੈ। ਇਸ ਲਈ ਕੋਰਾ ਪੈਣ ਵਾਲੇ ਇਲਾਕਿਆਂ 'ਚ ਸੰਵੇਦਨਸ਼ੀਲ ਫਲਦਾਰ ਬੂਟੇ ਜਿਵੇਂ ਕਿ ਪਪੀਤਾ, ਕੇਲਾ ਆਦਿ ਲਗਾਉਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**ਫਲਦਾਰ ਬੂਟਿਆਂ ਨੂੰ ਸਿੰਜਾਈ ਕਰਨਾ** : ਸਦਾਬਹਾਰ ਬੂਟੇ ਅੰਬ, ਲੀਚੀ, ਅਮਰੂਦ ਅਤੇ ਆਂਵਲਾ ਆਦਿ ਨੂੰ ਸਰਦੀਆਂ ਦੇ ਮੌਸਮ 'ਚ ਸੁਚੱਜੀ ਵਿਉਂਤਬੰਦੀ ਰਾਹੀਂ ਸਿੰਚਾਈ ਕਰਨ ਨਾਲ ਕੁਝ ਹੱਦ ਤੱਕ ਬਚਾਇਆ ਜਾ ਸਕਦਾ ਹੈ। ਮਿੱਟੀ ਅਤੇ ਵਾਯੂਮੰਡਲ 'ਚ ਨਮੀ ਦੀ ਮਾਤਰਾ ਬੂਟਿਆਂ 'ਚ ਕੋਰੇ ਦੇ ਅਸਰ 'ਤੇ ਡੂੰਘਾ ਪ੍ਰਭਾਵ ਪਾਉਂਦੀ ਹੈ। ਮਿੱਟੀ 'ਚ ਨਮੀਂ ਗਰਮੀ ਨੂੰ ਕਾਇਮ ਰੱਖਣ 'ਚ ਸਹਾਈ ਹੁੰਦੀ ਹੈ। ਗਿੱਲੀ ਮਿੱਟੀ ਦੇ ਬਿਲਕੁਲ ਉੱਪਰ ਦਾ ਤਾਪਮਾਨ ਸੁੱਕੀ ਮਿੱਟੀ ਦੇ ਉੱਪਰ ਦੇ ਤਾਪਮਾਨ ਨਾਲੋਂ 2.3 ਡਿਗਰੀ ਸੈਲਸੀਅਸ ਵੱਧ ਹੋ ਸਕਦਾ ਹੈ। ਇਸ ਲਈ ਸੰਭਾਵਿਤ ਕੋਹਰੇ ਤੋਂ ਪਹਿਲਾਂ ਸ਼ਾਮ ਨੂੰ ਬੂਟਿਆਂ ਨੂੰ ਚੰਗੀ ਤਰ੍ਹਾਂ ਅਤੇ ਹਲਕੀ ਸਿੰਜਾਈ ਕਰਨੀ ਚਾਹੀਦੀ ਹੈ, ਜੇਕਰ ਇਕ ਵਾਰ ਬੂਟਿਆਂ ਨੂੰ ਕੋਹਰੇ ਦਾ ਨੁਕਸਾਨ ਹੋ ਜਾਂਦਾ ਹੈ ਤਾਂ ਇਨ੍ਹਾਂ ਹਾਲਾਤਾਂ 'ਚ ਸਿੰਜਾਈ ਵੀ ਮਦਦ ਨਹੀਂ ਕਰਦੀ ਹੈ।

**ਧੂੰਆਂ ਕਰਨਾ** : ਬਾਗਾਂ 'ਚ ਸੁੱਕੀ ਰਹਿੰਦ-ਖੂੰਹਦ, ਘਾਹ, ਸੁੱਕੇ ਪੱਤਿਆਂ ਦੇ ਢੇਰ ਤਿਆਰ ਕਰਕੇ ਸਰਦੀ ਦੇ ਮੌਸਮ 'ਚ ਇਨ੍ਹਾਂ ਢੇਰਾਂ ਨੂੰ ਅੱਗ ਲਗਾ ਕੇ ਹੌਲੀ-ਹੌਲੀ ਧੁਖਾਇਆ ਜਾਂਦਾ ਹੈ। ਇਨ੍ਹਾਂ ਢੇਰਾਂ 'ਚ ਨਮੀਂ ਬਿਲਕੁੱਲ ਵੀ ਨਹੀਂ ਹੋਣੀ ਚਾਹੀਦੀ ਹੈ ਨਹੀਂ ਤਾਂ ਇਨ੍ਹਾਂ ਨੂੰ ਅੱਗ ਲੱਗਣ ਦੀ ਸੰਭਾਵਨਾ ਘਟ ਜਾਂਦੀ ਹੈ। ਇਸ ਤਰੀਕੇ ਰਾਹੀਂ ਬਾਗ ਦਾ ਤਾਪਮਾਨ ਕੁਝ ਡਿਗਰੀ ਤੱਕ ਵਧਾਇਆ ਜਾ ਸਕਦਾ ਹੈ, ਜੋ ਕਿ ਕੋਹਰੇ ਨੂੰ ਬੂਟਿਆਂ ਉੱਪਰ ਜੰਮਣ ਤੋਂ ਰੋਕਦਾ ਹੈ। ਬਾਗ 'ਚ ਕੋਹਰਾ ਪੈਣ ਤੋਂ ਕੁਝ ਘੰਟੇ ਪਹਿਲਾਂ ਘਾਹ, ਸੁੱਕੇ ਪੱਤੇ, ਪਰਾਲੀ ਜਾਂ ਸਰਕੰਡਾ ਦੇ ਢੇਰਾਂ ਨੂੰ ਸਾੜ ਕੇ ਧੂੰਏਂ ਦੇ ਬੱਦਲ ਬਣਾਉਣੇ ਕੋਰੇ ਦੇ ਨੁਕਸਾਨ ਨੂੰ ਘੱਟ ਕਰਨ ਲਈ ਬਹੁਤ ਪ੍ਰਭਾਵਸ਼ਾਲੀ ਢੰਗ ਹੈ।

**ਬੂਟਿਆਂ ਨੂੰ ਢਕਣਾ** : ਫਲਦਾਰ ਬੂਟਿਆਂ ਦੀ ਨਰਸਰੀ ਅਤੇ ਅੰਬ, ਲੀਚੀ, ਪਪੀਤਾ, ਅਮਰੂਦ ਆਦਿ ਦੇ ਵੱਡੇ ਬੂਟਿਆਂ ਨੂੰ ਸਰਦੀਆਂ ਦੇ ਮੌਸਮ 'ਚ ਪਰਾਲੀ ਅਤੇ ਸਰਕੰਡੇ ਆਦਿ ਦੀਆਂ ਕੁੱਲੀਆਂ ਬਣਾ ਕੇ ਜਾਂ ਪਲਾਸਟਿਕ ਦੇ ਲਿਫਾਫਿਆਂ ਨਾਲ ਢੱਕ ਕੇ ਘੱਟ ਤਾਪਮਾਨ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ। ਛੋਟੇ ਬੂਟਿਆਂ ਨੂੰ ਢਕਣ ਵੇਲੇ ਦੱਖਣ ਵਾਲੇ ਪਾਸੇ ਨੂੰ ਸੂਰਜ ਦੀ ਰੌਸ਼ਨੀ ਅਤੇ ਹਵਾ ਲਈ ਖੁੱਲ੍ਹਾ ਰੱਖਣਾ ਚਾਹੀਦਾ ਹੈ। ਪੌਦਿਆਂ ਨੂੰ ਢਕਣ ਨਾਲ ਅੰਦਰ ਦਾ ਤਾਪਮਾਨ 2-5 ਡਿਗਰੀ ਸੈਲਸੀਅਸ ਵਧ ਸਕਦਾ ਹੈ, ਜਿਸ ਨਾਲ ਕੋਰੇ ਤੋਂ ਬੂਟੇ ਨੂੰ ਬਚਾਇਆ ਜਾ ਸਕਦਾ ਹੈ।

**ਬੂਟਿਆਂ ਦੇ ਤਣੇ ਨੂੰ ਲਪੇਟਣਾ** : ਠੰਢੀ ਹਵਾ ਮਿੱਟੀ ਦੀ ਸਤ੍ਹਾ ਦੇ ਬਹੁਤ ਨੇੜੇ ਵੜ ਜਾਂਦੀ ਹੈ, ਜਿਸ ਨਾਲ ਟਾਹਣੀਆਂ ਅਤੇ ਰੁੱਖਾਂ ਦੇ ਤਣੇ ਨੂੰ ਨੁਕਸਾਨ ਪਹੁੰਚਦਾ ਹੈ। ਘੱਟ ਤਾਪਮਾਨ ਦੀ ਸੱਟ ਕਾਰਨ ਪ੍ਰਭਾਵਿਤ ਰੁੱਖਾਂ ਦੇ ਤਣੇ ਅਤੇ ਟਾਹਣੀਆਂ ਦੀ ਛਿੱਲੜ ਫਟ ਜਾਂਦੀ ਹੈ ਅਤੇ ਚੀਰੀ ਜਾਂਦੀ ਹੈ। ਇਸ ਲਈ ਤਣੇ ਦੇ ਆਲੇ-ਦੁਆਲੇ ਨੂੰ ਬੋਰੀ ਨਾਲ ਲਪੇਟ ਕੇ ਬੂਟਿਆਂ ਨੂੰ ਕੋਹਰੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ। ਇਸ ਲਈ ਪਪੀਤੇ ਦੇ ਫਲਦਾਰ ਬੂਟਿਆਂ ਦੀ ਕਾਸ਼ਤ ਸੁਰੱਖਿਅਤ ਖੇਤੀ ਦੇ ਢੰਗ ਨਾਲ ਕਰ ਕੇ ਕੋਰੇ ਤੋਂ ਬਚਾਇਆ ਜਾ ਸਕਦਾ ਹੈ। ਕੇਲੇ ਦੇ ਤਣੇ ਅਤੇ ਫਲਾਂ ਨੂੰ ਪਾਰਦਰਸ਼ੀ ਮੋਮਜਾਮੇ ਦੀ ਸ਼ੀਟ ਨਾਲ ਢਕਣ ਕੋਰੇ ਤੋਂ ਕਾਫੀ ਹੱਦ ਤੱਕ ਬਚਾਅ ਹੋ ਜਾਂਦਾ ਹੈ।

**ਬੂਟਿਆਂ ਨੂੰ ਕਲੀ ਕਰਨਾ** : ਬੂਟਿਆਂ ਦੇ ਤਣੇ 'ਤੇ ਕਲੀ ਕਰਨ ਨਾਲ ਠੰਢ ਕਾਰਨ ਹੋਣ ਵਾਲੇ ਨੁਕਸਾਨ ਤੋਂ ਰੋਕਿਆ ਜਾ ਸਕਦਾ ਹੈ। ਕਲੀ ਦਾ ਘੋਲ ਬਣਾਉਣ ਲਈ 100 ਲੀਟਰ ਪਾਣੀ 'ਚ $CuSO_4$ (500 ਗ੍ਰਾਮ) ਅਤੇ ਚੂਨਾ (25 ਕਿਲੋ) ਮਿਲਾਓ। ਇਸ ਘੋਲ ਦੀ ਵਰਤੋਂ ਗਰਮੀਆਂ ਦੇ ਮੌਸਮ 'ਚ ਰੁੱਖਾਂ ਦੇ ਤਣੇ ਨੂੰ ਜ਼ਿਆਦਾ ਗਰਮੀ ਤੋਂ ਬਚਾਉਣ ਲਈ ਵੀ ਕੀਤੀ ਜਾ ਸਕਦੀ ਹੈ।

**ਫਲਾਂ ਨੂੰ ਢਕਣਾ** : ਠੰਢ ਪ੍ਰਤੀ ਸੰਵੇਦਨਸ਼ੀਲ ਬੂਟੇ ਜਿਵੇਂ ਕਿ ਪਪੀਤਾ ਅਤੇ ਕੇਲਾ ਸਰਦੀਆਂ ਦੌਰਾਨ ਫਲ ਦੇਣ 'ਤੇ ਹੁੰਦੇ ਹਨ। ਇਨ੍ਹਾਂ ਬੂਟਿਆਂ ਦੇ ਫਲਾਂ ਨੂੰ ਪੋਲੀਥੀਨ ਸ਼ੀਟ ਜਾਂ ਪੋਲੀ ਟਿਊਬ ਨਾਲ ਢਕ ਦਿਓ। ਪੋਲੀਥੀਨ ਸ਼ੀਟ ਜਾਂ ਪੋਲੀ ਟਿਊਬ ਦਾ ਉਪਰਲਾ ਹਿੱਸਾ ਬੰਨ੍ਹਿਆ ਜਾਣਾ ਚਾਹੀਦਾ ਹੈ ਅਤੇ ਹੇਠਲੇ ਹਿੱਸੇ ਨੂੰ ਸਹੀ ਹਵਾ ਦੇ ਆਉਣ-ਜਾਣ ਲਈ ਖੁੱਲਾ ਰੱਖਣਾ ਚਾਹੀਦਾ ਹੈ। ਫਰਵਰੀ ਦੇ ਅੰਤ ਤੱਕ ਜਦੋਂ ਤਾਪਮਾਨ ਵਧ ਜਾਵੇ, ਪੋਲੀਥੀਨ ਸ਼ੀਟ ਨੂੰ ਹਟਾ ਦਿਓ।

**ਮੌਸਮ ਦੀ ਭਵਿੱਖਬਾਣੀ ਨੂੰ ਲਗਾਤਾਰ ਦੇਖਦੇ ਰਹੋ** : ਘੱਟ ਨਮੀ ਵਾਲੀਆਂ ਠੰਢੀਆਂ ਅਤੇ ਸਾਫ ਰਾਤਾਂ 'ਚ ਆਮ ਤੌਰ 'ਤੇ ਕੋਰਾ ਪੈਣ ਦੀ ਸੰਭਾਵਨਾ ਦੇ ਸੰਕੇਤ ਹੁੰਦੇ ਹਨ। ਤਾਪਮਾਨ ਦੀ ਮਿਆਦ ਅਤੇ ਤੀਬਰਤਾ ਫਲਦਾਰ ਬੂਟਿਆਂ ਨੂੰ ਨੁਕਸਾਨ ਦੀ ਹੱਦ ਨਿਰਧਾਰਤ ਕਰਦੀ ਹੈ। ਸੋ, ਬਦਲਦੇ ਮੌਸਮ ਦੀ ਭਵਿੱਖਬਾਣੀ ਨੂੰ ਦੇਖਦੇ ਹੋਏ ਫਲਦਾਰ ਬੂਟਿਆਂ ਦਾ ਕੋਹਰੇ ਤੋਂ ਬਚਾ ਕਰ ਲੈਣਾ ਚਾਹੀਦਾ ਹੈ।

ਸੋ, ਅੰਤ 'ਚ ਬਾਗਬਾਨ ਵੀਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਇਨ੍ਹਾਂ ਨੁਕਤਿਆਂ ਨੂੰ ਅਪਣਾ ਕੇ, ਫਲਦਾਰ ਬੂਟਿਆਂ ਨੂੰ ਕੋਰੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ ਅਤੇ ਇਨ੍ਹਾਂ ਨੂੰ ਸਿਹਤਮੰਦ ਰੱਖਿਆ ਜਾ ਸਕਦਾ ਹੈ।

# ਗੁਣਾਂ ਦੀ ਖਾਨ ਹੈ ਅਜ਼ੋਲਾ ਬੂਟੀ

ਪ੍ਰਭਜੋਤ ਕੌਰ ਸਿੱਧੂ, ਪ੍ਰੇਰਨਾ ਠਾਕੁਰ ਅਤੇ ਮੁਨਸ਼ੀ ਕੁਮਾਰ, ਕੇ. ਵੀ. ਕੇ., ਮੋਗਾ
ਮੋਬਾਇਲ 98720-02240

ਅਜ਼ੋਲਾ ਖੁਰਾਕੀ ਤੱਤਾਂ ਨਾਲ ਭਰਪੂਰ ਜਲ-ਬੂਟੀ ਹੈ, ਜੋ ਕਿ ਪਾਣੀ ਦੀ ਸਤਹਿ ਤੇ ਤੇਜ਼ੀ ਨਾਲ ਵਧਦੀ ਹੈ ਅਤੇ ਖੁਰਾਕੀ ਤੱਤ ਵੀ ਬਹੁਤਾਤ ਮਾਤਰਾ ਵਿੱਚ ਇਸ ਵਿੱਚ ਪਾਏ ਜਾਂਦੇ ਹਨ। ਬਹੁ-ਗੁਣਾਂ ਕਰਕੇ ਇਸ ਬੂਟੀ ਦੀ ਵਰਤੋਂ ਪਸ਼ੂਆਂ ਲਈ ਅਤੇ ਵਾਤਾਵਰਣ ਦੇ ਹਿਤ ਵਿਚ ਸੰਭਾਵੀ ਉਪਯੋਗਤਾ ਹੈ।

1. ਬੂਟੀ ਦਾ ਬਹੁਤ ਤੇਜ਼ ਵਾਧਾ ਵਿਕਾਸ।
2. ਵਾਤਾਵਰਣ ਵਿਚੋਂ ਨਾਈਟ੍ਰੋਜਨ ਸੋਖਣ ਵਿਚ ਸਮਰੱਥ।
3. ਪਸ਼ੂਆਂ ਲਈ ਖੁਰਾਕੀ ਤੱਤਾਂ ਨਾਲ ਭਰਪੂਰ ਸਰੋਤ।
4. ਵਾਤਾਵਰਣ ਵਿੱਚ ਹਾਨੀਕਾਰਕ ਗੈਸਾਂ (ਮੀਥੇਨ/ਨਾਈਟਰਸ ਆਕਸਾਈਡ) ਦੀ ਨਿਕਾਸੀ ਘਟਾਉਣ ਵਿਚ ਮਦਦਗਾਰ।

ਅਜ਼ੋਲਾ ਦੀ ਕਾਸ਼ਤ ਬੜੀ ਆਸਾਨੀ ਅਤੇ ਘੱਟ ਖਰਚ ਨਾਲ ਘਾਸ ਪੱਟੇ ਟੋਇਆ ਵਿਚ ਜਾਂ ਪਸ਼ੂ ਸ਼ੈੱਡਾਂ (ਡੇਅਰੀ/ਸੂਰ) ਤੋਂ ਨਿਕਲ ਰਹੇ ਖੁਰਾਕੀ ਤੱਤਾਂ (ਨਾਈਟ੍ਰੇਟ ਅਤੇ ਫਾਸਫੋਰਸ) ਨਾਲ ਭਰਪੂਰ ਵਿਅਰਥ ਪਾਣੀ ਵਿਚ ਕੀਤੀ ਜਾ ਸਕਦੀ ਹੈ। ਅਨੁਕੂਲ ਵਾਤਾਵਰਣ (20-30 ਡਿਗਰੀ ਸੈਂਟੀਗ੍ਰੇਡ ਤਾਪਮਾਨ, 5-7 ਪੀ. ਐਚ) ਤਹਿਤ ਅਜ਼ੋਲਾ ਹਵਾ ਵਿੱਚੋਂ ਕਾਰਬਨ ਡਾਇਆਕਸਾਈਡ ਅਤੇ ਨਾਈਟਰੋਜਨ ਗੈਸਾਂ ਨੂੰ ਸੋਖਦੇ ਹੋਏ 2-3 ਦਿਨਾਂ ਵਿੱਚ ਦੁੱਗਣਾ ਹੋ ਜਾਂਦਾ ਹੈ ਅਤੇ ਹਾਨੀਕਾਰਕ ਗੈਸਾਂ ਨੂੰ ਠੱਲ੍ਹ ਪਾਉਣ ਵਿਚ ਵੀ ਸਹਾਈ ਹੈ ਜੋ ਕਿ ਗਰੀਨ ਹਾਊਸ ਗੈਸਾਂ ਵਜੋਂ ਜਾਣੀਆਂ ਜਾਂਦੀਆਂ ਹਨ। ਇਕ ਹੈਕਟੇਅਰ



ਪਾਣੀ ਦੇ ਰਕਬੇ ਵਿੱਚੋਂ 300-600 ਟਨ ਹਰਾ ਅਜ਼ੋਲਾ ਪ੍ਰਤੀ ਸਾਲ ਕੱਢਿਆ ਜਾ ਸਕਦਾ ਹੈ ਅਤੇ ਇਸ ਤੋਂ ਇਲਾਵਾ 20-35 ਟਨ ਸੁੱਕਾ ਅਜ਼ੋਲਾ ਤਿਆਰ ਕੀਤਾ ਜਾ ਸਕਦਾ ਹੈ।

ਪਾਣੀ ਵਿੱਚ ਉਪਲੱਬਧ ਖੁਰਾਕੀ ਤੱਤਾਂ ਅਨੁਸਾਰ, ਨਮੀ ਰਹਿਤ ਅਜ਼ੋਲਾ ਵਿਚ ਪ੍ਰੋਟੀਨ ਦੀ ਮਾਤਰਾ 18-25% ਤੱਕ ਹੋ ਸਕਦੀ ਹੈ, ਜਿਸ ਵਿਚ ਸਾਰੇ ਜ਼ਰੂਰੀ ਅਮਾਈਨੋਸਾਈਡ ਮੌਜੂਦ ਹੁੰਦੇ ਹਨ। ਲਾਈਸਿਨ ਅਤੇ ਮੀਥਿਉਨਿਨ ਵਰਗੇ ਜ਼ਰੂਰੀ ਅਮਾਈਨੋਸਾਈਡ ਜੋ ਕਿ ਆਮ ਤੌਰ ਤੇ ਹੋਰ ਪੌਦਿਆਂ (ਸੋਇਆਬੀਨ ਨੂੰ ਛੱਡ ਕੇ) ਵਿੱਚ ਘੱਟ ਮਾਤਰਾ ਵਿੱਚ ਹੁੰਦੇ ਹਨ, ਅਜ਼ੋਲਾ ਵਿੱਚ ਵੱਧ ਮਾਤਰਾ ਵਿਚ ਪਾਏ ਜਾਂਦੇ ਹਨ।

ਇਸ ਤੋਂ ਇਲਾਵਾ ਅਜ਼ੋਲਾ ਵਿਚ ਲਾਹੇਵੰਦ ਖਣਿਜ ਤੱਤ (ਕੈਲਸ਼ੀਅਮ, ਪੋਟਾਸ਼ੀਅਮ, ਫਾਸਫੋਰਸ ਅਤੇ ਮੈਗਨੀਸ਼ੀਅਮ) ਅਤੇ ਵਿਟਾਮਿਨ (A ਅਤੇ B-12 ) ਵੀ ਭਰਪੂਰ ਮਾਤਰਾ ਵਿਚ ਹੁੰਦੇ ਹਨ ਜੋ ਇਸ ਦੀ ਪੌਸ਼ਟਿਕਤਾ ਨੂੰ ਦਰਸਾਉਂਦੇ ਹਨ। ਨਤੀਜੇ ਵਜੋਂ ਮੱਛੀਆਂ ਵਿਚ ਅਜ਼ੋਲਾ ਹਰੀ ਅਤੇ ਸੁਕਾ ਕੇ ਪਾਊਡਰ ਰੂਪ ਵਿਚ ਫੀਡ ਵਿਚ ਸ਼ਾਮਲ ਕੀਤੀ ਜਾ ਸਕਦੀ ਹੈ। 2 ਕਿਲੋ ਅਜ਼ੋਲਾ ਇੱਕ ਗਾਂ/ਮੱਝ ਨੂੰ ਪ੍ਰਤੀ ਦਿਨ, 50 ਕਿਲੋ ਮੱਛੀ (ਕੁੱਲ ਭਾਰ ਦਾ 4-5% ਪ੍ਰਤੀ ਦਿਨ), ਇਕ ਸੂਰ, 4 ਬੱਕਰੀਆਂ (450 ਗ੍ਰਾਮ ਪ੍ਰਤੀ ਬੱਕਰੀ ਪ੍ਰਤੀ ਦਿਨ), 100 ਮੁਰਗੀਆਂ (20 ਗ੍ਰਾਮ ਪ੍ਰਤੀ ਮੁਰਗੀ ਪ੍ਰਤੀ ਦਿਨ) ਪਾਲਣ ਲਈ ਪਸ਼ੂ ਖੁਰਾਕ ਵਜੋਂ ਵਰਤੀ ਜਾ ਸਕਦੀ ਹੈ।

ਪਸ਼ੂਆਂ ਵਿਚ ਖੁਰਾਕੀ ਲੋੜਾਂ ਦੀ ਪੂਰਤੀ ਤੋਂ ਇਲਾਵਾ ਹਰੇ ਅਜ਼ੋਲਾ ਨੂੰ ਬਾਗਬਾਨੀ ਵਿਚ ਸਿੱਧੇ ਤੌਰ ਤੇ ਖਾਦ ਵਜੋਂ ਵਰਤਿਆ ਜਾ ਸਕਦਾ ਹੈ। ਇਹ ਨਾ ਸਿਰਫ ਬੂਟਿਆਂ ਨੂੰ ਨਮੀਂ ਪ੍ਰਦਾਨ ਕਰਦਾ ਹੈ ਬਲਕਿ ਮਿੱਟੀ ਵਿਚ ਨਮੀਂ ਲੰਬੇ ਸਮੇਂ ਤੱਕ ਬਰਕਰਾਰ ਰੱਖਣ ਵਿਚ ਸਹਾਈ ਹੁੰਦਾ ਹੈ। ਬਾਗਾਂ ਵਿਚ ਫਲਾਂ ਦੇ ਬੂਟਿਆਂ (ਅੰਬ, ਕੀਨੂੰ, ਪਪੀਤੇ, ਕੇਲੇ, ਅਮਰੂਦ) ਵਿਚਕਾਰ ਅਜ਼ੋਲਾ ਕਾਸ਼ਤ ਲਈ ਟੋਏ ਪੱਟ ਕੇ ਬਾਗ ਵਿਚ ਜੈਵਿਕ ਖਾਦ ਤਿਆਰ ਕੀਤੀ ਜਾ ਸਕਦੀ ਹੈ, ਜੋ ਕਿ 4-5 ਹਫਤਿਆਂ ਵਿਚ ਆਸਾਨੀ ਨਾਲ ਤਿਆਰ ਹੋ ਜਾਂਦੀ ਹੈ। ਇਸ ਤੋਂ ਇਲਾਵਾ ਅਜ਼ੋਲਾ ਕਾਸ਼ਤ ਲਈ ਬਣੇ ਬਣਾਏ ਬੈੱਡ ਵੀ ਮਿਲਦੇ ਹਨ, ਜਿਨ੍ਹਾਂ ਨੂੰ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਆਸਾਨੀ ਨਾਲ ਸ਼ਿਫਟ ਕੀਤਾ ਜਾ ਸਕਦਾ ਹੈ। ਉਪਰੋਕਤ ਖੁਰਾਕੀ ਵਿਸ਼ੇਸ਼ਤਾਵਾਂ ਕਾਰਨ ਅਜ਼ੋਲਾ ਖੇਤੀਬਾੜੀ ਕਿਸਾਨਾਂ ਅਤੇ ਪਸ਼ੂ ਪਾਲਕਾਂ ਲਈ, ਖਾਸ ਤੌਰ ਤੇ ਛੋਟੇ ਕਿਸਾਨਾਂ ਲਈ, ਇਕ ਕੁਦਰਤੀ ਵਰਦਾਨ ਹੈ।

# ਬਲਾਕ ਕਾਹਨੂੰਵਾਨ ਦੇ 7 ਕਿਸਾਨਾਂ ਨੇ ਮਲਚਿੰਗ ਵਿਧੀ ਰਾਹੀਂ ਕਣਕ ਦੀ ਬਿਜਾਈ ਸਸਤੀ ਤੇ ਸੌਖੇ ਤਰੀਕੇ ਨਾਲ ਕਰਕੇ ਹੋਰਨਾਂ ਮਸ਼ੀਨਰੀ ਨਾਲੋਂ ਫਸਲ ਵਾਧੇ ਤੇ ਘੱਟ ਖਰਚ ਬਾਰੇ ਦੱਸੇ ਤਜ਼ਰਬੇ

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

**5. ਬਲਜਿੰਦਰ ਸਿੰਘ ਨੀਟੂ (97802-38315) ਪਿੰਡ ਕੋਟ ਟੋਡਰ ਮੱਲ** ਨੇ ਕਿਹਾ ਕਿ ਮੈਂ ਪਹਿਲੀ ਵਾਰ 3.5 ਏਕੜ 'ਚ ਪਿੰਡ ਬੇਰੀ ਤੋਂ ਕਿਰਾਏ ਤੇ ਲਿਆ ਕੇ ਮਲਚਰ ਰਾਹੀਂ









ਬਿਜਾਈ ਕੀਤੀ। ਐਤਵਾਰ ਕਣਕ ਬੀਜ ਦਿੱਤੀ ਤੇ ਪਹਿਲਾ ਸੋਮਵਾਰ ਨੂੰ ਪਾਣੀ ਲਗਾਇਆ। ਉਹਨਾਂ ਕਿਹਾ ਕਿ ਬੁੱਧਵਾਰ ਨੂੰ ਲੁੰਘ ਵੱਜ ਗਿਆ ਸੀ। ਮੈਂ ਆਪਣੇ ਤਜਰਬੇ ਮੁਤਾਬਕ 37 ਕਿਲੋ ਬੀਜ ਦਾ ਛੱਟਾ ਪ੍ਰਤੀ ਏਕੜ ਲਈ ਦਿੱਤਾ ਪਰ ਹੁਣ ਮੈਨੂੰ ਮਹੀਨੇ ਬਾਅਦ ਇੰਝ ਲੱਗਦਾ ਹੈ ਜਿਵੇਂ 30 ਕਿਲੋ ਬੀਜ ਛੱਟੇ ਲਈ ਠੀਕ ਸੀ। ਬਾਕੀ ਮਸ਼ੀਨਾਂ ਦੀ ਬਿਜਾਈ ਨਾਲੋਂ ਵੱਧ ਉੱਗੀ ਤੇ ਬੇਸ਼ੱਕ ਮੈਂ ਖਾਦ ਵੀ ਲੇਟ ਪਾਈਂ ਪਰ ਫੁਰਟਾਰਾ ਬਹੁਤ ਵਧੀਆ ਸੀ ਤੇ ਬਿਮਾਰੀ ਕੋਈ ਨਹੀਂ, ਦੂਜੀ ਨਾਲੋਂ ਨਦੀਨ ਘੱਟ ਸਨ ਸ਼ਾਇਦ ਪਰਾਲੀ ਦੇ ਖਿਲਾਰ ਕਰਕੇ। ਸੁਪਰ ਸੀਡਰ ਨਾਲ ਬਿਜਾਈ ਵਾਲੀ ਕਣਕ ਹਫਤੇ ਬਾਅਦ ਬਾਹਰ ਆਈਂ। ਮੇਰੀ ਜ਼ਮੀਨ ਚ ਵੱਤਰ ਨਹੀਂ ਸੀ ਪਰ ਉਸੇ ਦਿਨ ਬੀਜੀਂ ਗਈ। ਮੌਸਮ ਖਰਾਬ ਹੋਣ ਕਰਕੇ ਸਮਾਂ ਘੱਟ ਬਚਿਆ ਤੇ ਜਿਨ੍ਹਾ ਬੀਜ ਦਿੱਤੀ ਸੀ ਉਹ ਦੁਰਾਰਾ ਮੇਰੇ ਲਾਗੇ ਲੋਕ ਦੋਹਰੀ ਫੇਰ ਬਿਜਾਈਆਂ ਲਈ ਛੱਟੇ ਦੇਂਦੇ ਮੈਂ ਆਪ ਦੇਖੇਂ। ਇਸ ਨੂੰ ਪਰਵਾਹ ਕੋਈ ਨਹੀਂ ਸੀ। ਉਹਨਾਂ ਕਿਹਾ ਕਿ ਮੇਰੀ ਪਹਿਲੀ ਫਸਲ ਪੂਰੀ ਤਰ੍ਹਾਂ ਵਿੱਛੀ ਸੀ ਜਿਸ ਕਰਕੇ ਮੈਨੂੰ ਪਹਿਲਾਂ ਕਟਰ ਕਿਰਾਏ ਦੇ ਲਿਆ ਕੇ ਤੇ ਮੁੜ ਮਲਚਰ ਫੇਰਿਆ। ਦੋਨਾਂ ਦਾ ਕਰਾਇਆ ਮੈਨੂੰ ਦੇਣਾ ਪਿਆ। ਫਸਲ 'ਚ ਚੂਹੇ ਦੀ ਸਮੱਸਿਆ ਸ਼ਾਇਦ ਜ਼ਿਆਦਾ ਪਰਾਲੀ ਹੋਣ ਕਰਕੇ ਆਈ, ਜਿਸ ਦੀ ਦਵਾਈ ਖੁੱਡਾ ਨੇੜੇ ਰੱਖੀ ਹੈ। ਉਹਨਾਂ ਕਿਹਾ ਕਿ ਜੇਕਰ ਮੇਰਾ ਕੁਇੰਟਲ ਝਾੜ ਘੱਟ ਵੀ ਨਿਕਲਿਆ ਤਾਂ ਅਗਾਂਹ ਮੈਂ ਸਾਰੀ ਬਿਜਾਈ ਇਸ ਤਰ੍ਹਾਂ ਕਰਾਂਗਾ ਕਿਉਂਕਿ ਹੋਰਨਾਂ ਪਾਸਿਉਂ ਖਰਚ ਬਚੇ ਹਨ ਤੇ ਖੱਪਾਈ ਵੀ। ਇਸ ਨੂੰ ਸੁੰਡੀ ਦੀ ਕੋਈ ਸਮੱਸਿਆ ਨਹੀਂ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖਰਾਬ ਮੌਸਮ ਤੇ ਪਰਾਲੀ ਨੂੰ ਅੱਗ ਲਗਾਉਣ ਦੇ ਬਚਾਅ ਲਈ ਇਹ ਤਕਨੀਕੀ ਚੰਗੀ ਹੈ ਇਸ ਨੂੰ ਥੋੜੇ ਰਕਬੇ ਤੋਂ ਕਰਕੇ ਦੇਖਣ। ਉਹਨਾਂ ਕਿਹਾ ਮੈਂ ਸੰਤੁਸ਼ਟ ਹਾਂ ਅੱਜ ਤੱਕ ਬਾਕੀ ਫਸਲ ਦਾ ਝਾੜ ਦੱਸੇਗਾ।

**6. ਵੀਰ ਸਿੰਘ (94172-37862) ਪਿੰਡ ਕੋਟ ਟੋਡਰ ਮੱਲ** ਨੇ ਕਿਹਾ ਕਿ ਮੈਂ ਪਹਿਲੀ ਵਾਰ ਕਣਕ ਦੀ 187 ਕਿਸਮ ਅੱਧੇ ਏਕੜ 'ਚ ਮਲਚਰ ਰਾਹੀਂ ਬਿਜਾਈ ਕੀਤੀ। ਏਸ ਬਿਜਾਈ ਬਾਰੇ ਸਾਡੇ ਨੇੜਲੇ ਕਿਸਾਨ ਹਰਜਿੰਦਰ ਸਿੰਘ ਬੁੱਟਰ ਨੇ ਦੱਸਿਆ ਤਾਂ ਮੈਂ ਪਹਿਲਾਂ ਉਸ ਦੀ ਖੇਤ ਦੀ ਬਿਜਾਈ ਦੇਖੀਂ ਤਾਂ ਠੀਕ ਲੱਗੀ। ਮੁੜਕੇ ਮੈਂ ਆਪ ਮਲਰ ਚਲਾਇਆ, ਜਿਸ ਨੇ ਛੋਟੇ ਟਰੈਕਟਰ ਤੇ ਵੀ ਲੋਡ ਨਹੀਂ ਲਿਆ। ਝੋਨੇ ਦੀ ਫਸਲ ਡਿੱਗਣ ਕਰਕੇ ਪਰਾਲੀ ਜ਼ਿਆਦਾ ਸੀ। ਜਿਸ ਨੂੰ ਖਿਲਾਰਨਾ ਵੀ ਔਖਾ ਸੀ, ਕਿਉਂਕਿ ਕੰਬਾਈਨ ਨੇ ਵੀ ਬਹੁਤ ਹੇਠਾਂ ਤੋਂ ਕੱਟਿਆ



**ਕਮਲਇੰਦਰਜੀਤ ਸਿੰਘ ਬਾਜਵਾ**
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

। ਪਹਿਲਾਂ ਕੱਟਰ ਪਰਾਲੀ ਨੂੰ ਖੇਤ 'ਚ ਖਿਲਾਰ ਕੇ ਕਣਕ ਦੇ ਦਾਣੇ ਨੂੰ ਦਵਾਈ ਲਗਾ ਕੇ ਫਿਰ ਛੱਟਾ ਦਿੱਤਾ ਮੁੜ ਮੱਲਚਰ ਚਲਾ ਕੇ ਚੌਵੀ ਘੰਟਿਆਂ 'ਚ ਪਾਣੀ ਦਾਣਾ ਜਮਾਉਣ ਲਈ ਲਗਾਇਆ। ਤੀਜੇ ਦਿਨ ਲੁੰਘ ਵੱਜ ਗਿਆ ਸੀ ਜਦਕਿ ਸੁਪਰਸੀਡਰ ਵਾਲੀ ਸੱਤਵੇਂ ਦੱਸਵੇਂ ਦਿਨ ਦਿਸੀ। ਉਹਨਾਂ ਕਿਹਾ ਕਿ ਅੱਜ ਇਹ ਮਲਚਰ ਵਾਲੀ ਕਣਕ ਮੇਰੀ ਸੁਪਰ ਸੀਡਰ ਵਾਲੀ ਕਣਕ ਨੂੰ ਹਰ ਪਾਸਿਉਂ ਕੱਟ ਰਹੀ ਹੈ। ਵੱਡੀ ਗੱਲ ਕਿ ਇਸ 'ਚ ਵੱਤਰ ਦੀ ਲੋੜ ਨਹੀਂ ਨਾ ਭਰਨ ਦੀ ਟੈਂਸ਼ਨ। ਜਿਸ ਤਰ੍ਹਾਂ ਪਹਿਲੀ ਫਸਲ ਲੇਟ ਹੋਈ ਉਸ ਦੇ ਨਾਲ ਦੂਜੀ ਫਸਲ ਬਿਜਾਈ ਲਈ ਪੱਛੜ ਸਕਦੀ ਸੀ ਉਹ ਸਮਾਂ ਵੀ ਬਚਿਆ। ਉਹਨਾਂ ਕਿਹਾ ਕਿ ਜਾਂ ਕੰਬਾਈਨ ਡਿੱਗੀ ਫਸਲ ਦੇ ਉਲਟ ਕੱਟਦੇ ਤਾਂ ਸ਼ਾਇਦ ਲਾਈਨ ਨਾ ਬਣਦੀ। ਉਹਨਾਂ ਕਿਹਾ ਕਿ ਅੱਜ ਇਹ ਮਲਚਰ ਵਾਲੀ ਕਣਕ ਮੇਰੀ ਸੁਪਰ ਸੀਡਰ ਵਾਲੀ ਕਣਕ ਨੂੰ ਹਰ ਪਾਸਿਉਂ ਕੱਟ ਰਹੀ ਹੈ। ਉਹਨਾਂ ਕਿਹਾ ਕਿ ਜਿੱਥੇ ਪਰਾਲੀ 6-7 ਇੰਚ ਮੋਟੀ ਤਹਿ ਚ ਸੀ, ਉੱਥੇ ਦਾਣਾ ਘੱਟ ਨਿਕਲਿਆ। ਅਗਾਂਹ ਥੋੜਾ ਚੁੱਕ ਕੇ ਵੀ ਲਗਾਵਾਂਗੇ ਮੁੱਢ ਤੋਂ। ਅੱਜ ਪਿੰਡ ਦੇ ਲੋਕ ਇਸ ਬਿਜਾਈ ਚੰਗੀ ਹੈ ਫਸਲ ਵਾਧੇ ਲਈ ਰਲ ਮਿਲ ਕੇ ਮੱਲਚਰ ਆਪਣਾਂ ਲੈ ਆਈਏ। ਉਹਨਾਂ ਕਿਹਾ ਕਿ ਪਰਾਲੀ ਸੰਭਾਲ ਦੀ ਬਹੁਤੀ ਚਿੰਤਾ ਬਚੀ ਤੇ ਹਰੀ ਖਾਦ ਵਜੋਂ ਵੀ ਵਰਤੀ ਗਈ ਏਂ ਜ਼ਿਆਦਾ ਫਾਇਦਾ ਹੋਇਆ। ਕਿਸਾਨ ਵੀਰ ਸਿੰਘ ਨੇ ਕਿਹਾ ਕਿ ਜੇਕਰ ਮੱਲਚਰ ਆਪਣਾ ਹੈ ਤਾਂ 400-500 ਰੁਪਏ 'ਚ ਪ੍ਰਤੀ ਏਕੜ ਬਿਜਾਈ ਪੈਂਦੀ ਹੈ। ਮੇਰੇ ਪਰਾਲੀ ਜ਼ਿਆਦਾ ਹੋਣ ਕਰਕੇ ਪਹਿਲਾਂ ਕਿਰਾਏ ਦਾ ਕੱਟਰ ਪਰਾਲੀ ਖਿਲਾਰਨ ਲਈ ਫੇਰਨਾ ਪਿਆ, ਮੁੜ ਕਿਰਾਏ ਦਾ ਮੱਲਚਰ ਇਸ ਕਰਕੇ ਮੈਨੂੰ ਦੋਹਰਾ ਖਰਚ ਪਿਆ। ਉਂਝ ਬਿਜਾਈ ਸਸਤੀ ਤੇ ਸੌਖੀ ਹੈ ਹਾਂ ਜ਼ਿਆਦਾ ਪਰਾਲ ਕਰਕੇ ਕੁੱਝ ਚੂਹੇ ਦੀ ਸਮੱਸਿਆ ਜ਼ਰੂਰ ਲੁਕਣ ਕਰਕੇ ਆਉਂਦੀ ਹੈ ਜਿਸ ਦੀ ਦਵਾਈ ਖੁੱਡਾਂ ਕੋਲ ਰੱਖੀ ਗਈ। ਸੁੰਡੀ ਨਹੀਂ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਅਜਿਹਾ ਟਰਾਇਲ ਕਰਕੇ ਦੇਖਣ, ਬਾਕੀ ਮੈਂ ਇਸਦੇ ਝਾੜ ਦੇਖ ਕੇ ਸਾਰੇ ਰਕਬੇ 'ਚ ਅਗਾਂਹ ਬਿਜਾਈ ਕਰਾਂਗਾ।

**7. ਸੂਬਾ ਸਿੰਘ (98723-64250) ਪਿੰਡ ਕੋਟ ਟੋਡਰ ਮੱਲ** ਨੇ ਕਿਹਾ ਕਿ ਮੈਂ ਪਹਿਲੀ ਵਾਰ ਮੱਲਚਰ ਰਾਹੀਂ 1 ਏਕੜ ਚ 272 ਕਿਸਮ ਦੀ ਬਿਜਾਈ ਹਰਜਿੰਦਰ ਸਿੰਘ ਬੁੱਟਰ ਤੋਂ ਕਰਵਾਈ। ਅਸੀਂ ਮੁੱਢ ਪਹਿਲਾਂ ਹੀ ਵੱਢੇ ਹੋਏ ਸਨ ਤੇ ਦਾਣੇ ਦਵਾਈ ਲਗਾ ਕੇ ਖਿਲਾਰ ਦਿੱਤੇ ਤੇ ਪਹਿਲਾ ਪਾਣੀ ਅਗਲੇ ਦਿਨ ਲਗਾਇਆ। ਨਦੀਨਾਂ ਬਾਰੇ ਉਹਨਾਂ ਕਿਹਾ ਕਿ ਜਿੱਥੇ ਪਰਾਲੀ ਨਹੀਂ ਖਿਲਰੀ ਸੀ ਉੱਥੇ ਕੱਖ ਨਹੀਂ ਉੱਗਾ। ਗੁਲਾਬੀ ਸੁੰਡੀ ਦਾ ਕੋਈ ਹਮਲਾ ਨਹੀਂ। ਮੈਨੂੰ ਲੱਗਦਾ ਮੱਲਚਰ ਚੱਪਾ ਚੱਪਾ ਜ਼ਮੀਨ ਤੋਂ ਚੁੱਕ ਕੇ ਮਾਰਨਾ ਚਾਹੀਦਾ ਕਿਉਂਕਿ ਭਾਰੀ ਪਰਾਲੀ ਜ਼ਮੀਨ ਨਾਲ ਜੁੜ ਜਾਂਦੀ ਹੈ ਜਦਕਿ ਮੁੱਢ ਤੋਂ ਉੱਪਰ ਹੋਵੇ ਤਾਂ ਪਰਾਲੀ ਬੂਟੇ ਨੂੰ ਹਵਾ ਦੀ ਨਿਕਾਸੀ ਤੇ ਵੱਧਣ ਲਈ ਥਾਂ ਦੇ ਸਕਦੀ ਹੈ। ਜਿੱਥੇ ਭਾਰੀ ਪਰਾਲੀ ਪਈ ਰਹੀ ਉੱਥੇ ਦਾਣਾ ਉੱਗਣ ਦੀ ਥੋੜ੍ਹੀ ਸਮੱਸਿਆ ਆਈ ਕਿਉਂਕਿ ਫਸਲ ਵੀ ਤਾਂ ਵਿੱਛੀ ਸੀ ਤੇ ਪਰਾਲੀ ਜ਼ਿਆਦਾ ਸੀ। ਮੱਲਚਰ ਆਪਣਾ ਤਾਂ 400 ਰੁਪਏ ਦਾ ਪ੍ਰਤੀ ਏਕੜ ਦਾ ਖਰਚਾ ਹੈ ਬਿਜਾਈ ਦਾ। ਉਹਨਾਂ ਕਿਹਾ ਕਿ ਚੂਹੇ ਦਾ ਹਮਲਾ ਜ਼ਰੂਰ ਹੋਇਆ ਜਿੱਥੇ ਪਰਾਲੀ ਜ਼ਿਆਦਾ ਸੀ ਪਰ ਹੋਰ ਖੇਤਾਂ ਵਿੱਚ ਨਹੀਂ ਦਿੱਸਿਆ। ਮੇਰੇ ਪਿੰਡ ਦੇ ਲੋਕ ਖੁਦ ਆਪ ਫਸਲ ਦੇਖ ਕੇ ਕਹਿੰਦੇ ਹਨ ਕਿ ਸੁਪਰ ਸੀਡਰ ਦੀ ਬਿਜਾਈ ਨਾਲੋਂ ਇਸ ਫਸਲ ਦੀ ਨਾਲੀ ਲੰਮੀ ਹੈ ਤੇ ਮੋਟਾ ਫਰਟਾਰਾ ਬੂਟੇ ਦਾ ਲੋੜੋਂ ਵੱਧ ਹੈ ਸ਼ਾਇਦ ਕੁਦਰਤ ਨਾਲ ਜੁੜਨ ਕਰਕੇ ਕਿ ਦਾਣਾ ਜ਼ਮੀਨ ਦੇ ਉਪਰ ਸੀ। ਕਣਕ ਦਾ ਪੱਤਾ ਚੌੜਾ ਤੇ ਕਾਲਾ ਰੰਗ ਮਾਰ ਰਿਹਾ ਸੀ ਖਾਸਤੌਰ ਤੇ ਮੇਰੀ ਦੂਜੀ ਬਿਜਾਈ ਸੁਪਰਸੀਡਰ ਨਾਲ ਕੀਤੀ ਨਾਲੋਂ। ਮੈਂ ਏਸ ਮੱਲਚਰ ਰਾਹੀਂ ਬਿਜਾਈ 'ਚ 35 ਕਿਲੋ ਬੀਜ ਦਾ ਛੱਟਾ ਦਿੱਤਾ ਜਦਕਿ ਸੁਪਰਸੀਡਰ ਵਾਲੀ 'ਚ 30 ਕਿਲੋ ਬੀਜ ਹੀ ਪਾਉਂਦਾ ਹਾਂ ਆਪਣੇ ਤਜਰਬੇ ਅਨੁਸਾਰ। ਉਹਨਾਂ ਕਿਹਾ ਕਿ ਸਰਕਾਰ ਜਿੰਨੀ ਦੁਆਈਂ ਪਰਾਲੀ ਦੀ ਅੱਗ ਦੀ ਪਾਉਂਦੀ ਹੈ ਜੇਕਰ ਇਸ ਤਕਨੀਕ ਬਾਰੇ ਲੋਕਾਂ ਨੂੰ ਪਤਾ ਲੱਗੇ ਤਾਂ ਉਹ ਵੀ ਮਸਲਾ ਖਤਮ ਹੋ ਜਾਵੇ। ਇਹ ਕੇਵਲ ਕਿਸਾਨ ਤਜ਼ਰਬੇ ਹਨ ਇਸ 'ਚ ਕੁੱਝ ਵੀ ਐਡ ਨਹੀਂ ਕੀਤਾ ਗਿਆ।



# ਦਿਲ ਨੂੰ ਹੈਲਦੀ ਰੱਖਣ ਲਈ

ਡਾ. ਸੰਮਾਨ ਵਰਮਾ, ਡੀ. ਐਮ. ਅਤੇ ਡਾਃ ਰਿਪੁਦਮਨ ਸਿੰਘ,
ਸਦਭਾਵਨਾ ਮੈਡੀਕਲ ਤੇ ਹਾਰਟ ਇੰਸਟੀਚਿਊਟ, ਪਟਿਆਲਾ
ਮੋ. 7347381496, 9815200134

**ਨਵਾਂ ਸਾਲ ਯਾਨੀ 2025 ਦਾ ਨਵਾਂ ਉਤਸ਼ਾਹ, ਨਵੀਂ ਖੁਸ਼ੀਆਂ ਅਤੇ ਨਵੇਂ ਰੈਜ਼ੋਲਿਊਸ਼ਨ। ਹਰ ਸਾਲ ਅਸੀਂ ਆਪਣੇ ਆਪ ਨੂੰ ਫਿਟ ਅਤੇ ਹੈਲਦੀ ਰੱਖਣ ਲਈ ਕਈ ਪ੍ਰਕਾਰ ਦੇ ਰੈਜ਼ੋਲਿਊਸ਼ਨ ਲੈਣਾ ਬਹੁਤ ਜ਼ਰੂਰੀ ਹੈ। ਪਿਛਲੇ ਕੁੱਝ ਸਾਲਾਂ ਵਿਚ ਬਦਲਦੀ ਜੀਵਨਸ਼ੈਲੀ, ਅਨਿਯਮਿਤ ਦਿਨ ਚਰਿਆ ਅਤੇ ਖਾਣ-ਪੀਣ ਦੀ ਗਲਤ ਆਦਤਾਂ ਦੇ ਕਾਰਨ ਦਿਲ ਪ੍ਰਾਬਲਮ ਦਾ ਖਤਰਾ ਵੱਧ ਰਿਹਾ ਹੈ। ਇਸ ਸਾਲ ਵਿਚ ਅਸੀਂ ਦੱਸਣ ਜਾ ਰਹੇ ਹਾਂ ਕਿ ਦਿਲ ਨੂੰ ਹੈਲਦੀ ਰੱਖਣ ਵਾਲੇ ਸਾਧਾਰਣ ਰੈਜ਼ੋਲਿਊਸ਼ਨ। ਇਸ ਬਾਰੇ ਵਿਚ ਜ਼ਿਆਦਾ ਜਾਣਕਾਰੀ ਦੇ ਰਹੇ ਹਨ ਸਦਭਾਵਨਾ ਮੈਡੀਕਲ ਤੇ ਦਿਲ ਇੰਸਟੀਚਿਊਟ ਦੇ ਸੰਸਥਾਪਕ ਅਤੇ ਹਾਰਟ ਸਪੈਸ਼ਲਿਸਟ ਡਾ. ਸੁਧੀਰ ਵਰਮਾ।**

### 1. ਸੰਤੁਲਿਤ ਅਤੇ ਪੌਸ਼ਟਿਕ ਖਾਣਾ ਖਾਓ

ਦਿਲ ਅਤੇ ਪੂਰਨ ਸਿਹਤ ਨੂੰ ਸਹੀ ਰੱਖਣ ਲਈ ਸੰਤੁਲਿਤ ਅਤੇ ਪੌਸ਼ਟਿਕ ਖਾਣਾ ਖਾਓ। ਆਪਣੇ ਖਾਣੇ ਵਿਚ ਤਾਜ਼ੇ ਫਲ, ਹਰੀ ਸਬਜ਼ੀਆਂ, ਦੁੱਧ, ਨਟਸ, ਸਾਬਤ ਅਨਾਜ ਅਤੇ ਪਨੀਰੀ ਵਾਲੀਆਂ ਚੀਜ਼ਾਂ ਨੂੰ ਸ਼ਾਮਿਲ ਕਰੋ। ਦਿਲ ਹੈਲਥ ਨੂੰ ਦਰੁਸਤ ਰੱਖਣ ਲਈ ਖਾਣੇ ਵਿਚ ਓਮੇਗਾ-3 ਫੈਟੀ ਐਸਿਡ ਯੁਕਤ ਖਾਦ ਪਦਾਰਥ ਜਿਵੇਂ ਮੱਛੀ, ਅਖਰੋਟ ਅਤੇ ਅਲਸੀ ਦੇ ਬੀਜਾਂ ਨੂੰ ਸ਼ਾਮਿਲ ਕਰੋ। ਖਾਣ ਵਿਚ ਚੀਨੀ ਅਤੇ ਲੂਣ ਦੀ ਮਾਤਰਾ ਨੂੰ ਘੱਟ ਕਰੋ। ਜ਼ਿਆਦਾ ਮਾਤਰਾ ਵਿਚ ਲੂਣ ਅਤੇ ਚੀਨੀ ਖਾਣ ਨਾਲ ਦਿਲ ਦੀ ਹੈਲਥ ਨੂੰ ਨੁਕਸਾਨ ਹੁੰਦਾ ਹੈ।

### 2. ਮਾਨਸਿਕ ਤਨਾਵ ਨੂੰ ਘੱਟ ਕਰੋ ਅਤੇ ਪੌਸ਼ਟਿਕ ਖਾਣਾ ਖਾਓ

ਡਾ. ਵਰਮਾ ਦੇ ਅਨੁਸਾਰ, ਮਾਨਸਿਕ ਤਨਾਵ ਵੀ ਦਿਲ ਸਬੰਧੀ ਬੀਮਾਰੀਆਂ ਦਾ ਖਤਰਾ ਵਧਾਉਂਦੇ ਅਤੇ ਸੱਦਾ ਦਿੰਦੇ ਹਨ। ਇਸ ਲਈ ਸਾਲ 2025 ਵਿਚ ਮਾਨਸਿਕ ਤਨਾਵ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰੋ। ਮਾਨਸਿਕ ਤਨਾਵ ਨੂੰ ਘੱਟ ਕਰਣ ਲਈ ਰੋਜ਼ਾਨਾ 10 ਤੋਂ 15 ਮਿੰਟ ਧਿਆਨ ਅਤੇ ਮੈਡਿਟੇਸ਼ਨ ਕਰੋ। ਜਿੱਥੇ ਤੱਕ ਸੰਭਵ ਹੋ ਸਕੇ, ਆਪਣੇ ਆਪ ਨੂੰ ਨੈਗੇਟਿਵ ਵਿਚਾਰਾਂ ਤੋਂ ਦੂਰ ਰੱਖੋ ਅਤੇ ਹਮੇਸ਼ਾ ਖੁਸ਼ ਰਹਿਣ ਦੀ ਆਦਤ ਪਾਓ। ਤਨਾਵ ਨੂੰ ਘੱਟ ਕਰਨ ਲਈ ਗਾਰਡਨਿੰਗ, ਸੰਗੀਤ ਸੁਣਨਾ ਜਾਂ ਪੇਟਿੰਗ ਵਰਗੇ ਕੰਮ ਹਫਤੇ ਵਿਚ 1 ਵਾਰ ਜ਼ਰੂਰ ਕਰੋ।

### 3. ਮੈਡੀਕਲ ਚੈਕਅਪ ਕਰਵਾਓ

ਸਾਲ ਵਿਚ ਹਰ 3 ਮਹੀਨੇ ਵਿਚ ਇੱਕ ਵਾਰ ਮੈਡੀਕਲ ਟੈਸਟ ਜ਼ਰੂਰ ਕਰਵਾਓ। ਮੈਡੀਕਲ ਟੈਸਟ ਕਰਵਾਉਣ ਨਾਲ ਹਾਈ ਬਲਡ ਪ੍ਰੈਸ਼ਰ, ਕੋਲੇਸਟਰਾਲ ਅਤੇ ਡਾਇਬਿਟੀਜ਼ ਵਰਗੀ ਬੀਮਾਰੀਆਂ ਦਾ ਪਤਾ ਲਗਾਉਣ ਵਿਚ ਸੌਖ ਹੁੰਦੀ ਹੈ। ਹਾਈ ਬਲਡ ਪ੍ਰੈਸ਼ਰ ਅਤੇ ਕੋਲੈਸਟਰਾਲ ਦਿਲ ਪ੍ਰਾਬਲਮ ਦੀ ਮੁੱਖ ਵਜ੍ਹਾ ਹੈ। ਨਵੇਂ ਸਾਲ ਵਿਚ ਇੱਕ ਦਿਲ ਸਪੈਸ਼ਲਿਸਟ ਨਾਲ ਜ਼ਰੂਰ ਮਿਲੋ ਅਤੇ ਉਨ੍ਹਾਂ ਦੇ ਦੁਆਰਾ ਸੁਝਾਈ ਗੱਲਾਂ ਨੂੰ ਰੋਜ਼ ਦੀ ਜੀਵਨਸ਼ੈਲੀ ਵਿਚ ਜ਼ਰੂਰ ਅਪਣਾਓ।

### 4. ਰੋਜ਼ਾਨਾ ਐਕਸਰਸਾਈਜ਼ ਕਰੋ

ਦਿਲ ਨੂੰ ਸਵੱਸਥ ਬਣਾਏ ਰੱਖਣ ਲਈ ਰੋਜ਼ਾਨਾ ਥੋੜ੍ਹੀ ਦੇਰ ਯੋਗਾ, ਸਵਿੰਮਿੰਗ, ਸਾਇਕਿਲਿੰਗ ਜਾਂ ਫਿਰ ਰਨਿੰਗ ਵਰਗੀ ਐਕਸਰਸਾਈਜ਼ ਜ਼ਰੂਰ ਕਰੋ ਖੇਡ ਯੂਨੀਵਰਸਿਟੀ ਦੇ ਡਾ. ਅਸ਼ੋਕ ਨੇ ਦੱਸਿਆ ਕਿ ਕੋਈ ਵੀ ਕਸਰਤ ਕਰਨ ਤੋਂ ਪਹਿਲੋ ਆਪਣੇ ਫੈਮਲੀ ਡਾਕਟਰ ਦੀ ਸਲਾਹ ਜ਼ਰੂਰ ਲਓ। ਦਿਲ ਹੈਲਥ ਐਕਸਪਰਟ ਦੇ ਅਨੁਸਾਰ, ਨਿੱਤ 30 ਮਿੰਟ ਐਕਸਰਸਾਈਜ਼ ਕਰਨ ਨਾਲ ਸਰੀਰਕ ਅਤੇ ਮਾਨਸਿਕ ਤਨਾਵ ਘੱਟ ਹੁੰਦਾ ਹੈ, ਜਿਸ ਦੇ ਨਾਲ ਦਿਲ ਨੂੰ ਸਵਸਥ ਰੱਖਣ ਵਿਚ ਮਦਦ ਮਿਲਦੀ ਹੈ। ਇਸ ਦੇ ਨਾਲ ਹੀ ਲੰਬੇ ਸਮਾਂ ਤੱਕ ਇਕ ਹੀ ਜਗ੍ਹਾ 'ਤੇ ਬੈਠੇ ਰਹਿਣ ਤੋਂ ਬਚੋ। ਆਫਿਸ ਵਿਚ ਕੰਮ ਕਰਦੇ ਸਮੇਂ ਹਰ ਘੰਟੇ 5 ਮਿੰਟ ਦਾ ਬ੍ਰੇਕ ਜ਼ਰੂਰ ਲਵੋ।

### 5. ਸਮਰੱਥ ਮਾਤਰਾ ਵਿਚ ਪਾਣੀ ਪਾਓ

ਦਿਲ ਦੀ ਹੈਲਥ ਨੂੰ ਬਿਹਤਰ ਰੱਖਣ ਲਈ ਰੋਜ਼ਾਨਾ ਸਮਰੱਥ ਮਾਤਰਾ ਵਿਚ ਪਾਣੀ ਜ਼ਰੂਰ ਪੀਓ ਰੋਜ਼ਾਨਾ 3 ਲਿਟਰ ਪਾਣੀ ਪੀਣ ਨਾਲ ਸਰੀਰ ਹਾਈਡਰੇਟ ਰਹਿੰਦਾ ਹੈ, ਜਿਸ ਦੇ ਨਾਲ ਇਹ ਸਰੀਰ ਦੇ ਬਲਡ ਫਲੋ ਨੂੰ ਬਿਹਤਰ ਬਣਾਉਣ ਵਿਚ ਮਦਦ ਮਿਲਦੀ ਹੈ।

### 6. ਹਰ ਕਿਸਮ ਦੀ ਸਮੋਕਿੰਗ ਤੋਂ ਪ੍ਰਹੇਜ਼ ਕਰੋ

ਹਰ ਇਕ ਇਨਸਾਨ ਨੂੰ ਸਿਗਰਟ, ਬੀੜੀ ਤੋਂ ਕੋਹਾਂ ਦੂਰੀ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ ਕਿਉਂ ਜੋ ਇਸ ਤੋਂ ਸਾਹ ਦੀ ਤਕਲੀਫ ਹੋਣ ਲਗਦੀ ਹੈ ਅਤੇ ਸਾਹ ਦੀ ਬਿਮਾਰੀ ਸਿੱਧੇ ਤੌਰ ਤੇ ਦਿਲ ਤੇ ਅਸਰ ਪਾਉਂਦੀ ਹੈ। ਤੰਬਾਕੂ ਨੋਸ਼ੀ ਇਕ ਤਾਂ ਪਰਿਵਾਰ ਦਾ ਖਰਚਾ ਵਧਾਉਂਦਾ ਹੈ ਅਤੇ ਦੂਜੇ ਇਨਸਾਨ ਦੀ ਸਿਹਤ ਖਰਾਬ ਕਰਦੀ ਹੈ।

**ਸਧਾਰਣ ਸ਼ਬਦਾਂ ਵਿਚ ਇਹੋ ਹੈ ਕਿ ਜੋ ਆਪ ਦੇ ਦਿਲ ਦੀ ਸਿਹਤ ਖਰਾਬ ਕਰਦੀ ਹੈ, ਨੂੰ ਵਰਤੋਂ ਵਿਚ ਨਾ ਲਿਆਉਂਦਾ ਜਾਵੇ ਤਾਂ ਠੀਕ ਰਹਿੰਦਾ ਹੈ। ਹਲਕੀ ਫੁਲਕੀ ਕਸਰਤ, ਅੱਛੀ ਮਾਤਰਾ ਵਿਚ ਪਾਣੀ ਪੀਣਾ, ਚੰਗੀ ਖੁਰਾਕ ਅਤੇ ਤਨਾਵ ਮੁਕਤ ਜੀਵਨ ਦਿਲ ਨੂੰ ਤੰਦਰੁਸਤ ਰਖੇਗਾ, ਪਰ ਰੱਬ ਨੂੰ ਯਾਦ ਰੱਖਣਾ ਵੀ ਨਾ ਭੁਲੇ ਬੰਦਾ।**



# ਮਹਿੰਗੀ ਹੋਣ ਕਰਕੇ ਇਸ ਵਾਰ ਪ੍ਰਭਾਵਿਤ ਹੋ ਸਕਦਾ ਹੈ ਕਣਕ ਖਰੀਦ ਦਾ ਟੀਚਾ

ਪਿਛਲੇ ਸਾਲ ਜੁਲਾਈ ਮਹੀਨੇ ਤੋਂ ਬਾਜ਼ਾਰ 'ਚ ਕਣਕ ਦੀ ਕੀਮਤ ਲਗਾਤਾਰ ਵਧਣ ਕਰਕੇ ਹੁਣ ਤੱਕ 1200 ਰੁਪਏ ਪ੍ਰਤੀ ਕੁਇੰਟਲ ਦੀ ਤੇਜ਼ੀ ਆ ਗਈ ਹੈ, ਇਸ ਨਾਲ ਜਿੱਥੇ ਸਾਰਾ ਸਾਲ ਡਟ ਕੇ ਮਿਹਨਤ ਕਰਨ ਵਾਲੇ ਕਿਸਾਨਾਂ ਵਲੋਂ ਆਪਣੀ ਕਣਕ ਐਮ ਐਸ ਪੀ 'ਤੇ ਵੇਚੀ ਜਾਂਦੀ ਹੈ, ਪਰ ਦੂਜੇ ਪਾਸੇ ਪਿਛਲੇ 7 ਮਹੀਨੇ 'ਚ ਕਣਕ ਦੀ ਕੀਮਤ 'ਚ ਏਨੀ ਤੇਜ਼ੀ ਰਹੀ ਹੈ, ਜਿਹੜੀ ਹੁਣ ਤੱਕ ਬਣੀ ਹੋਈ ਹੈ ਤੇ ਮਿੱਲਾਂ ਜਾਂ ਚੱਕੀਆਂ ਵਾਲਿਆਂ ਨੂੰ ਸਸਤੀ ਕਣਕ ਲੈਣ 'ਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 7 ਮਹੀਨੇ ਤੱਕ ਕਣਕ ਦੀ ਕੀਮਤ 'ਚ ਤੇਜ਼ੀ ਜਾਰੀ ਰਹਿਣ ਕਰਕੇ ਅਪ੍ਰੈਲ 'ਚ ਆਉਂ ਵਾਲੀ ਕਣਕ ਲਈ ਕੇਂਦਰ ਵਲੋਂ ਇਸ ਵਾਰ ਕਣਕ ਖਰੀਦ ਦਾ ਟੀਚਾ ਪ੍ਰਭਾਵਿਤ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਜਿਸ ਤਰ੍ਹਾਂ ਨਾਲ ਨਿੱਜੀ ਕਾਰੋਬਾਰੀਆਂ ਨੂੰ ਗਏ ਸਾਲ 'ਚ ਮਹਿੰਗੀ ਕਣਕ ਦੀ ਖਰੀਦ ਕਰਨੀ ਪਈ ਜਾਂ ਫਿਰ ਉਹ ਮੈਦਾ ਤੇ ਆਟਾ ਬਣਾਉਣ ਲਈ ਕਣਕ ਲੱਭਦੇ ਰਹੇ ਉਹ ਹੁਣ ਅਪ੍ਰੈਲ ਮਹੀਨੇ 'ਚ ਨਵੀਂ ਆਉਣ ਵਾਲੀ ਕਣਕ ਦੀ ਫਸਲ ਦੀ ਜ਼ਿਆਦਾ ਖਰੀਦ ਕਰਨ ਨੂੰ ਪਹਿਲ ਦੇ ਸਕਦੇ ਹਨ। ਅਪ੍ਰੈਲ 'ਚ ਕੇਂਦਰ ਦੇ ਨਾਲ-ਨਾਲ ਹੋਰ ਨਿੱਜੀ ਕਾਰੋਬਾਰੀਆਂ ਵਲੋਂ ਵੀ ਕਣਕ ਦੀ ਖਰੀਦ ਕੀਤੀ ਜਾਂਦੀ ਰਹੀ ਹੈ। ਇਸ ਤੋਂ ਇਲਾਵਾ ਮੈਦੇ ਤੇ ਆਏ ਦੀ ਕੀਮਤ 'ਚ 1400 ਤੋਂ ਲੈ ਕੇ 1500 ਰੁਪਏ ਪ੍ਰਤੀ ਕੁਇੰਟਲ ਤੱਕ ਦਾ ਵਾਧਾ ਹੋ ਚੁੱਕਾ ਹੈ, ਜਿਸ ਨਾਲ ਮੈਦੇ ਤੋਂ ਤਿਆਰ ਹੋਣ ਵਾਲੇ ਉਤਪਾਦ ਵੀ ਕਾਫੀ ਮਹਿੰਗੀ ਹੋ ਚੁੱਕੇ ਹਨ। ਬਾਜ਼ਾਰ



'ਚ ਵੱਡੀਆਂ ਕੰਪਨੀਆਂ ਦੇ ਆਟੇ ਹੀ 40 ਤੋਂ 45 ਰੁਪਏ ਪ੍ਰਤੀ ਕਿੱਲੋ ਜਦਕਿ ਆਮ ਆਟਾ 38 ਤੋਂ 40 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਵਿਕ ਰਹੇ ਹਨ। ਬਾਜ਼ਾਰ 'ਚ ਆਟਾ ਮਿੱਟਾਂ ਨੂੰ ਕਣਕ ਕੇਂਦਰੀ ਏਜੰਸੀ ਵੱਲੋਂ ਟੈਂਡਰਾਂ ਰਾਹੀਂ ਦਿੱਤੀ ਜਾਂਦੀ ਹੈ। ਇਸ ਵਾਰ ਕਾਫੀ ਦੇਰੀ ਬਾਅਦ ਮਿੱਲਾਂ ਤੇ ਹੋਰ ਆਟਾ ਕਾਰੋਬਾਰੀਆਂ ਲਈ ਕਣਕ ਟੈਂਡਰ ਰਾਹੀਂ ਜਾਰੀ ਕੀਤੀ ਗਈ ਸੀ। ਟੈਂਡਰ ਰਾਹੀਂ ਕਣਕ 3100 ਤੋਂ ਲੈ ਕੇ 3200 ਰੁਪਏ ਪ੍ਰਤੀ ਕੁਇੰਟਲ ਦੇ ਭਾਅ ਤੱਕ ਜਾ ਚੁੱਕੀ ਹੈ ਤੇ ਅਜੇ ਵੀ ਬਾਜ਼ਾਰ 'ਚ ਕਣਕ ਦੀ ਕੀਮਤ 3250 ਰੁਪਏ ਕੁਇੰਟਲ ਦੱਸੀ ਜਾ ਰਹੀ ਹੈ। ਚਾਹੇ ਖੁੱਲ੍ਹੇ ਬਾਜ਼ਾਰ 'ਚ ਏਜੰਸੀ ਵਲੋਂ ਟੈਂਡਰ ਰਾਹੀਂ ਕਣਕ ਜਾਰੀ ਕੀਤੀ ਜਾਂਦੀ ਹੈ, ਪਰ ਇਸ ਨਾਲ ਵੀ ਮਿੱਨ ਵਾਲਿਆਂ ਲਈ ਜਾਰੀ ਹੁੰਦੀ ਕਣਕ ਨਾਲ ਉਨ੍ਹਾਂ ਦਾ ਕੰਮ ਨਹੀਂ ਚੱਲਦਾ ਕਿਉਂਕਿ ਟੈਂਡਰ ਰਾਹੀਂ ਉਨ੍ਹਾਂ ਨੂੰ ਸਿਰਫ ਹਫਤੇ ਦੀ 500 ਕੁਇੰਟਲ ਕਣਕ ਮਿਲਦੀ ਹੈ ਤੇ ਟੈਂਡਰ ਰਾਹੀਂ ਉਨ੍ਹਾਂ ਨੂੰ ਜਿੰਨੀ ਕਣਕ ਮਿਲਦੀ ਹੈ ਤੇ ਉਸ ਨਾਲ ਉਨ੍ਹਾਂ ਦਾ ਸਿਰਫ ਦੋ ਦਿਨ ਹੀ ਕੰਮ ਚੱਲਦਾ ਹੈ ਤੇ ਬਾਕੀ ਕਣਕ ਉਨ੍ਹਾਂ ਨੂੰ ਬਾਜ਼ਾਰ 'ਚ ਨਿੱਜੀ ਕਾਰੋਬਾਰੀਆਂ ਤੋਂ ਮਹਿੰਗੀ ਕਣਕ ਦੀ ਖਰੀਦ ਕਰਕੇ ਕੰਮ ਚਲਾਉਣਾ ਪੈਂਦਾ ਹੈ। ਕਾਰੋਬਾਰੀ ਸੂਤਰਾਂ ਦਾ ਕਹਿਣਾ ਹੈ ਕਿ ਇੰਝ ਲਗਦਾ ਹੈ ਕਿ ਏਜੰਸੀ ਕੋਲ ਕਣਕ ਦੀ ਕਾਫੀ ਕਮੀ ਹੈ ਤੇ ਇਸ ਕਰਕੇ ਬਾਜ਼ਾਰ 'ਚ ਕਣਕ ਬਹੁਤ ਜ਼ਿਆਦਾ ਮਹਿੰਗੀ ਹੋ ਗਈ ਹੈ। ਕਣਕ ਦੀ ਕੀਮਤ 'ਚ ਤੇਜ਼ੀ ਅਜੇ ਤੱਕ ਬਣੀ ਹੋਈ ਹੈ। ਗਏ 7 ਮਹੀਨਿਆਂ 'ਚ ਕਣਕ 1200 ਰੁਪਏ ਤੱਕ ਕੁਇੰਟਲ ਮਹਿੰਗੀ ਹੋਣ ਕਰਕੇ ਕਾਰੋਬਾਰੀਆਂ ਤੇ ਹੋਰਾਂ ਨੂੰ ਵੀ ਪ੍ਰੇਸ਼ਾਨ ਕਰੀ ਰੱਖਿਆ ਹੈ ਤੇ ਇਸ ਵਾਰ ਮੰਡੀਆਂ 'ਚ ਆਉਣ ਵਾਲੀ ਕਣਕ ਦੀ ਕਈ ਕਾਰੋਬਾਰੀ ਲੋਕ ਵੀ ਜ਼ਿਆਦਾ ਖਰੀਦ ਕਰਨਗੇ। ਆਟਾ, ਮੈਦੇ ਦੇ ਕਾਰੋਬਾਰੀਆਂ ਦਾ ਕਹਿਣਾ ਸੀ ਕਿ ਹੁਣ ਚਾਹੇ ਅਪ੍ਰੈਲ ਮਹੀਨੇ 'ਚ ਨਵੀਂ ਕਣਕ ਦੇ ਆਉਣ ਤੋਂ ਬਾਅਦ ਕੁਝ ਸਮੇਂ ਤੱਕ ਕੀਮਤਾਂ 'ਚ ਕਮੀ ਆਏਗੀ, ਪਰ ਉਸ ਤੋਂ ਬਾਅਦ ਫਿਰ ਕਣਕ ਦੀਆਂ ਕੀਮਤਾਂ 'ਚ ਤੇਜ਼ੀ ਆ ਸਕਦੀ ਹੈ। ਕੁਝ ਸਮਾਂ ਪਹਿਲਾਂ ਕਣਕ ਦੀ ਬਰਾਮਦ ਬੰਦ ਹੋ ਚੁੱਕੀ ਹੈ, ਜਿਸ ਦਾ ਕਿਸਾਨਾਂ ਵਲੋਂ ਵਿਰੋਧ ਕੀਤਾ ਜਾਂਦਾ ਰਿਹਾ ਹੈ। ਉਂਜ ਪੰਜਾਬ ਦੇ ਕਿਸਾਨ ਆਪਣੀ ਫਸਲਾਂ ਨੂੰ ਚੰਗੇ ਮੁੱਲ 'ਤੇ ਵੇਚਣ ਲਈ ਪਾਕਿਸਤਾਨ ਵਾਲੀ ਸਰਹੱਦ ਵੀ ਖੋਲ੍ਹਣ ਦੀ ਮੰਗ ਕਰ ਚੁੱਕੇ ਹਨ ਤਾਂ ਜੋ ਪਾਕਿਸਤਾਨ ਨਾਲ ਵਪਾਰ ਨਾਲ ਦੋਵਾਂ ਮੁਲਕਾਂ ਨੂੰ ਇਸ ਦਾ ਫਾਇਦਾ ਮਿਲ ਸਕੇ।

# ਮੌਸਮ ਕਾਰਨ ਘੱਟ ਹੋਏ ਭਾਅ, ਗੋਭੀ ਦੀ ਮੰਡੀਆਂ ਵਿੱਚ ਹੋ ਰਹੀ ਹੈ ਬੇਕਦਰੀ

ਪਿਛਲੇ ਦਿਨਾਂ ਦੌਰਾਨ ਜਿੱਥੇ ਬੇਮੌਸਮੀ ਗੋਭੀ ਦਾ ਭਾਅ ਅਸਮਾਨੀ ਹੋਣ ਕਾਰਨ ਗੋਭੀ ਦੇ ਕਾਸ਼ਤਕਾਰਾਂ ਵੱਲੋਂ ਗੋਭੀ ਵੇਚ ਕੇ ਕਮਾਈਆਂ ਕੀਤੀਆਂ ਸਨ, ਉੱਥੇ ਹੁਣ ਮੌਸਮੀ ਗੋਭੀ ਦੇ ਭਾਅ ਵਿੱਚ ਆਈ ਗਿਰਾਵਟ ਕਾਰਨ ਫੁੱਲ ਗੋਭੀ ਦੀ ਮੰਡੀਆਂ ਵਿੱਚ ਬੇਕਦਰੀ ਹੋ ਰਹੀ ਹੈ, ਜਿਸ ਕਾਰਨ ਗੋਭੀ ਦੇ ਕਾਸ਼ਤਕਾਰ ਜੱਟਾਂ ਦੇ ਪੁੱਤ ਖੁਦ ਬਾਜ਼ਾਰਾਂ ਵਿੱਚ ਸਿੱਧੇ ਤੌਰ 'ਤੇ ਗੋਭੀ ਵੇਚਣ ਨੂੰ ਮਜ਼ਬੂਰ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਕਸਬਾ ਕਲਾਨੌਰ ਵਿੱਚ ਆਪਣੇ ਟਰੈਕਟਰ ਰਾਹੀਂ ਗੋਭੀ ਡੇਢ ਕਿਲੋ 20 ਰੁਪਏ ਦਾ ਹੋਕਾ ਦੇ ਕੇ ਵੇਚ ਰਹੇ ਗੋਭੀ ਕਾਸ਼ਤਕਾਰ ਪਾਲੀ ਵਾਸੀ ਸ਼ਾਹਪੁਰ ਜਾਜਨ ਨੇ ਦੱਸਿਆ ਕਿ ਪਿਛਲੇ ਸਮੇਂ ਵਿੱਚ ਗੋਭੀ 35 ਤੋਂ



40 ਰੁਪਏ ਵਿਕਣ ਉਪਰੰਤ ਉਹਨਾਂ ਵੱਲੋਂ ਗੋਭੀ ਕਾਸ਼ਤ ਕੀਤੀ ਗਈ। ਮੌਸਮੀ ਫੁੱਲ ਗੋਭੀ ਦੇ ਭਾਅ ਵਿੱਚ ਆਈ ਵੱਡੀ ਗਿਰਾਵਟ ਕਾਰਨ ਮੰਡੀਆਂ ਵਿੱਚ ਗੋਭੀ ਦੀ ਬੇਕਦਰੀ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਬੀਤੇ ਦਿਨੀਂ ਜਦੋਂ ਆਪਣੀ ਤਿਆਰ ਹੋਈ ਫੁੱਲ ਗੋਭੀ ਬਟਾਲਾ ਦੀ ਸਬਜ਼ੀ ਮੰਡੀ ਵਿੱਚ ਵੇਚਣ ਲਈ ਖੜੀ ਤਾਂ ਮੰਡੀ ਵਿੱਚ ਗੋਭੀ ਦਾ ਭਾਅ ਤਿੰਨ ਤੋਂ ਚਾਰ ਸੌ ਰੁਪਏ ਪ੍ਰਤੀ ਕੁਇੰਟਲ ਹੋਣ ਤੋਂ ਇਲਾਵਾ ਆੜ੍ਹਤੀਆਂ ਵੱਲੋਂ ਸਬਜ਼ੀ ਦੀ ਆੜ੍ਹਤ ਕੱਟਣ ਉਪਰੰਤ ਉਹਨਾਂ ਦੇ ਪੱਲੇ ਕੁਝ ਨਹੀਂ ਪੈ ਰਿਹਾ, ਜਿਸ ਕਾਰਨ ਉਹ ਮਜ਼ਬੂਰਨ ਹੱਥਾਂ ਨਾਲ ਗੋਡ-ਗੋਡ ਕੇ ਤਿਆਰ ਕੀਤੀ ਗੋਭੀ ਨੂੰ ਖੁਦ ਕਲਾਨੌਰ ਤੇ ਹੋਰ ਕਸਬਿਆਂ ਵਿੱਚ ਵੇਚਣ ਨੂੰ ਮਜ਼ਬੂਰ ਹਨ। ਉਹਨਾਂ ਦੱਸਿਆ ਕਿ ਜਿੱਥੇ ਮੰਡੀਆਂ ਵਿੱਚ ਤਿੰਨ ਚਾਰ ਰੁਪਏ ਕਿਲੋ ਖਰੀਦੀ ਗੋਭੀ ਦੁਕਾਨਦਾਰਾਂ ਵੱਲੋਂ 20 ਰੁਪਏ ਕਿਲੋ ਦੁਕਾਨਾਂ 'ਤੇ ਵੇਚੀ ਜਾ ਰਹੀ ਹੈ, ਉੱਥੇ ਉਹਨਾਂ ਵੱਲੋਂ ਤਾਜ਼ੀ ਗੋਭੀ ਵੀ ਰੁਪਏ ਦੀ ਡੇਢ ਤੋਂ ਪੌਣੇ ਦੋ ਕਿਲੋ ਵੇਚੀ ਜਾ ਰਹੀ ਹੈ, ਜਿਸ ਨੂੰ ਲੋਕ ਹੱਥੋ-ਹੱਥੀਂ ਖਰੀਦ ਰਹੇ ਹਨ। ਪਿੰਡ ਨਿੱਝਰਪੁਰ ਦੇ ਗੋਭੀ ਕਾਸ਼ਤਕਾਰ ਅਮਨਦੀਪ ਸਿੰਘ, ਬਲਕਾਰ ਸਿੰਘ, ਪਿਆਰਾ ਸਿੰਘ ਨੇ ਦੱਸਿਆ ਕਿ ਪਿਛਲੇ ਸਮੇਂ ਗੋਭੀ ਦਾ ਭਾਅ ਚੰਗਾ ਹੋਣ ਕਰਕੇ ਉਹਨਾਂ ਵੱਲੋਂ ਵੀ ਮੌਸਮੀ ਗੋਭੀ ਦੀ ਬਿਜਾਈ ਕੀਤੀ ਗਈ ਸੀ। ਅਮਨਦੀਪ ਨੇ ਦੱਸਿਆ ਕਿ ਗੋਭੀ ਦੀ ਬਿਜਾਈ ਦੌਰਾਨ 80 ਪੈਸੇ ਪ੍ਰਤੀ ਬੂਟਾ ਖਰੀਦਣਾ ਉਪਰੰਤ 18000 ਦੀ ਪ੍ਰਤੀ ਕਿੱਲੇ ਵਿੱਚ ਗੋਭੀ ਦੀ ਪਨੀਰੀ, 6000 ਰੁਪਏ ਦੀ ਯੂਰੀਆ ਅਤੇ ਡਾਇਆ ਖਾਦ, 4000 ਰੁਪਏ ਵਹਾਈ ਅਤੇ ਮਜ਼ਦੂਰਾਂ ਤੋਂ ਵੱਖ-ਵੱਖ ਸਮਿਆਂ ਤੇ ਕਰਵਾਈ ਗੋਡੀ ਤੇ 6000 ਰੁਪਏ ਮਿਹਨਤ ਸਮੇਤ ਪ੍ਰਤੀ ਏਕੜ ਵਿੱਚ 34000 ਖਰਚਾ ਆਇਆ ਸੀ।

# ਕੋਹਰੇ ਤੋਂ ਆਲੂ, ਸਰ੍ਹੋਂ, ਦਾਲਾਂ ਅਤੇ ਸਬਜ਼ੀਆਂ ਕਿਹੜੇ ਅਸਾਨ ਤਰੀਕੇ ਨਾਲ ਬਚਾਇਆ ਜਾਵੇ?

ਭਾਰਤ ਵਿਚ ਦਸੰਬਰ ਦੇ ਮਹੀਨੇ ਵਿਚ ਪੰਜਾਬ ਹੀ ਨਹੀਂ ਬਲਕਿ ਦੇਸ਼ ਦੇ ਸਭ ਸੂਬਿਆਂ ਠੰਢ ਜ਼ੋਰਾਂ ਤੇ ਪੈਂਦੀ ਅਤੇ ਖਾਸ ਕਰਕੇ ਠੰਢ ਵਿਚ ਕਿਸਾਨ ਨੂੰ ਫਸਲਾਂ ਬਚਾਉਣ ਲਈ ਬਹੁਤ ਮੇਹਨਤ ਕਰਨੀ ਪੈਂਦੀ ਹੈ। ਕਿਉਂਕਿ ਕਿਸਾਨਾਂ ਦੀਆਂ ਫਸਲਾਂ ਤੇ ਠੰਢ ਵਿਚ ਕੋਹਰੇ ਦੀ ਮਾਰ ਹੇਠ ਆ ਜਾਂਦੀਆਂ ਹਨ। ਉਹਨਾਂ ਦੀ ਕੀਤੀ ਮੇਹਨਤ ਅਜਾਂਈ ਚਲੀ ਜਾਂਦੀ ਹੈ। ਆਲੂ, ਸਰ੍ਹੋਂ, ਦਾਲਾਂ ਅਤੇ ਸਬਜ਼ੀਆਂ ਨੂੰ ਬਚਾਉਣ ਦੇ ਆਸਾਨ ਢੰਗ ਬਾਰੇ ਦੱਸਣ ਜਾ ਰਿਹਾ ਹਾਂ। ਅਜਿਹੇ ਆਸਾਨ ਢੰਗਾਂ ਨਾਲ ਤੁਹਾਡੀ ਫਸਲ ਬਰਬਾਦ ਹੋਣ ਤੋਂ ਬਚ ਸਕਦੀ ਹੈ। ਨਾ ਹੀ ਜ਼ਿਆਦਾ ਖੇਚਲ ਕਰਨੀ ਪੈਂਦੀ ਹੈ। ਜੇ ਕੋਹਰਾ ਜ਼ਿਆਦਾ ਪਵੇ ਤਾਂ ਤਣੇ ਤੋਂ ਪੱਤਿਆਂ ਤੱਕ ਫਸਲ ਨੂੰ ਨੁਕਸਾਨ ਪੁੱਜ ਸਕਦਾ ਹੈ। ਜਦ ਪੱਤਿਆਂ ਉੱਪਰ ਬਰਫ ਜੰਮੇ, ਤਾਂ ਪੱਤੇ ਦਾ ਅੰਦਰਲਾ ਤਾਪਮਾਨ ਠੰਢਾ ਹੁੰਦਾ ਹੈ, ਬੂਟੇ ਦੇ ਟਿਸ਼ੂ ਵਿਚ ਨਿੱਕੇ ਨਿੱਕੇ ਸੈੱਲ ਹੁੰਦੇ ਹਨ, ਉਨ੍ਹਾਂ ਵਿਚ ਬਰਫ ਜੰਮ ਜਾਂਦੀ ਹੈ। ਸਭ ਤੋਂ ਵੱਧ ਕੋਹਰੇ ਤੋਂ ਨੁਕਸਾਨ ਉਸ ਟਾਈਮ ਹੁੰਦਾ ਹੈ। ਬਿਨਾਂ ਵੱਟਾਂ ਲਗਾਇਆਂ ਤੇ ਜਿਹੜੀਆਂ ਜ਼ਮੀਨਾਂ ਖੁਸ਼ਕ ਹਨ, ਉਸ ਥਾਂ ਤੇ ਕੋਹਰਾ ਜ਼ਿਆਦਾ ਨੁਕਸਾਨ ਕਰਦਾ ਹੈ। ਜ਼ਮੀਨ ਵਿਚ ਨਮੀ ਹੋਣ ਨਾਲ ਕੋਹਰਾ ਘੱਟ ਅਸਰ ਕਰਦਾ ਹੈ। ਸਰਦੀਆਂ ਵਿਚ ਪਾਣੀ ਲਗਾਉਣ ਨਾਲ ਕੋਹਰੇ ਤੋਂ ਬਚਿਆ ਜਾ ਸਕਦਾ ਹੈ। ਆਲੂਆਂ ਦੀ ਫਸਲ ਨੂੰ ਪਤਲਾ ਜਿਹਾ ਪਾਣੀ ਲਗਾ ਕੇ ਕੋਹਰੇ ਤੋਂ ਬਚਾ ਸਕਦੇ ਹੋ। ਧੂੰਆਂ ਕਰਕੇ ਵੀ ਕੋਹਰੇ ਤੋਂ ਬਚਿਆ ਜਾ ਸਕਦਾ ਹੈ। ਸਰਦੀਆਂ ਵਿਚ ਧੂੰਆਂ ਉੱਪਰ ਜ਼ਿਆਦਾ ਨਹੀਂ ਜਾਂਦਾ ਹੈ। ਖੇਤ ਪਰਤ ਬਣਾ ਲੈਂਦਾ ਹੈ। ਜੇ ਕੋਹਰੇ ਪੈਣ ਦੀ ਸੰਭਾਵਨਾ ਸਮਝਦੇ ਹੋ, ਜਿਨ੍ਹਾਂ ਕਿਸਾਨਾਂ ਦੇ ਸਪਰਿੰਕਲਰ ਦੇ ਫੁਆਰੇ ਲਾਏ ਹਨ ਤਾਂ ਉਹਨਾਂ ਨੂੰ ਸਲਾਹ ਹੈ ਕਿ ਸਵੇਰੇ 4 ਵਜੇ ਉੱਠਕੇ ਫੁਆਰੇ ਚਲਾ ਦਿੱਤੇ ਜਾਣ, ਪੱਤੇ ਧੋਤੇ ਜਾਣ ਤੋਂ ਕੋਹਰਾ ਲਹਿ ਜਾਵੇਗਾ ਜਾਂ 2 ਲੀਟਰ ਪਾਣੀ ਵਿਚ 1 ਗ੍ਰਾਮ ਥਾਇਓ ਯੂਰੀਆ ਪਾ ਕੇ ਤੁਸੀਂ ਛਿੜਕਾਅ ਕਰ ਸਕਦੇ ਹੋ। ਇਸ ਤਰ੍ਹਾਂ ਕਰਨ ਨਾਲ ਵੀ ਕੋਹਰੇ ਤੋਂ ਬਚਿਆ ਜਾ ਸਕਦਾ ਹੈ।

# ਕ੍ਰਿਸ਼ੀ ਵਿਗਿਆਨ ਕੇਂਦਰ, ਫਤਹਿਗੜ੍ਹ ਸਾਹਿਬ ਵਿਖੇ ਪਰਾਲੀ ਦੀ ਸੁਚੱਜੀ ਸੰਭਾਲ ਲਈ ਕਿਸਾਨ ਮੇਲਾ ਦਾ ਆਯੋਜਨ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਫਤਹਿਗੜ੍ਹ ਸਾਹਿਬ ਵਿਖੇ ਪਰਾਲੀ ਦੀ ਸੁਚੱਜੀ ਸੰਭਾਲ ਲਈ ਕਿਸਾਨ ਮੇਲਾ ਕਰਵਾਇਆ ਗਿਆ।

ਇਸ ਕਿਸਾਨ ਮੇਲੇ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਸਾਰ ਸਿੱਖਿਆ ਵਿਭਾਗ ਦੇ ਡਾਇਰੈਕਟਰ ਡਾ. ਮੱਖਣ ਸਿੰਘ ਭੁੱਲਰ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦੋਂਕਿ ਮੁੱਖ ਖੇਤੀਬਾੜੀ ਅਫਸਰ ਡਾ. ਧਰਮਿੰਦਰਜੀਤ ਸਿੰਘ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਏ। ਇਸ ਕਿਸਾਨ ਮੇਲੇ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਖੇਤੀ ਮਾਹਿਰਾਂ ਨੇ ਤਕਨੀਕੀ ਸੈਸ਼ਨ ਵਿੱਚ ਖੇਤੀ ਨਾਲ ਜੁੜੇ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਡਾ. ਮੱਖਣ ਸਿੰਘ ਭੁੱਲਰ, ਨਿਰਦੇਸ਼ਕ ਪਸਾਰ ਸਿੱਖਿਆ ਨੇ ਕਿਸਾਨਾਂ ਨੂੰ ਕੁਦਰਤੀ ਸਾਧਨਾਂ ਦੀ ਸੁਚੱਜੀ ਵਰਤੋਂ ਲਈ ਅਪੀਲ ਕੀਤੀ ਅਤੇ ਨਾਲ ਹੀ ਆਪਣੇ ਉਤਪਾਦਾਂ ਦੀ ਬਰੈਡਿੰਗ ਅਤੇ ਪੈਕਿੰਗ 'ਤੇ ਜ਼ੋਰ ਦਿੱਤਾ ਤਾਂ ਜੋ ਉਤਪਾਦ ਦਾ ਸਹੀ ਮੁੱਲ ਮਿਲ ਸਕੇ। ਇਸ ਮੌਕੇ ਸਹਾਇਕ ਪ੍ਰੋਫੈਸਰ ਬਾਗਬਾਨੀ ਡਾ. ਅਰਵਿੰਦਰਪ੍ਰੀਤ ਕੌਰ ਨੇ ਪਰਾਲੀ ਦੀ ਸਬਜ਼ੀਆਂ ਦੀ ਕਾਸ਼ਤ ਅਤੇ ਪੌਸ਼ਟਿਕ ਘਰੇਲੂ ਬਗੀਚੀ ਬਾਰੇ ਜਾਣਕਾਰੀ ਦਿੱਤੀ, ਜਦੋਂਕਿ ਸਹਾਇਕ ਪ੍ਰੋਫੈਸਰ ਪੌਦ ਸੁਰੱਖਿਆ ਡਾ. ਰੀਤ ਵਰਮਾ ਨੇ ਕਣਕ ਵਿੱਚ ਗੁਲਾਬੀ ਸੁੰਡੀ ਅਤੇ ਸੈਨਿਕ ਸੁੰਡੀ ਦੀ ਰੋਕਥਾਮ ਦੇ ਸਹੀ ਸਮੇਂ ਅਤੇ ਤਰੀਕਿਆਂ ਬਾਰੇ ਦੱਸਿਆ। ਡਾ. ਜੀ. ਪੀ. ਐਸ. ਸੇਠੀ, ਸਹਾਇਕ ਪ੍ਰੋਫੈਸਰ ਪਸ਼ੂ ਪਾਲਣ ਨੇ ਪਸ਼ੂਆਂ ਲਈ ਪਰਾਲੀ ਤੋਂ ਤਿਆਰ ਕੀਤੀ ਖੁਰਾਕ ਬਾਰੇ ਐਤ ਪਸ਼ੂਆਂ ਦੀ ਸਾਂਭ-ਸੰਭਾਲ ਬਾਰੇ ਵਿਸਥਾਰ ਸਹਿਤ ਦੱਸਿਆ। ਇੰਜ. ਕਰੁਨ ਸ਼ਰਮਾ ਨੇ ਪਰਾਲੀ ਦੀ ਸਾਂਭ-ਸੰਭਾਲ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਡਾ. ਅਜੇ ਕੁਮਾਰ ਅਤੇ ਡਾ. ਹਰਸ਼ਨੀਤ ਸਿੰਘ, ਸਹਾਇਕ ਪ੍ਰੋਫੈਸਰ (ਭੂਮੀ ਵਿਗਿਆਨ) ਨੇ ਖਾਦਾਂ ਦੇ ਸੁਚੱਜੇ ਪ੍ਰਬੰਧ ਅਤੇ ਮਿੱਟੀ ਦੀ ਜਾਂਚ ਬਾਰੇ ਚਾਨਣਾ ਪਾਇਆ।

ਡਾ. ਜਗਦੀਪ ਕੌਰ, ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਨੇ ਕਣਕ ਵਿੱਚ ਬਿਮਾਰੀਆਂ ਦਾ ਸਰਵਪੱਖੀ ਪ੍ਰਬੰਧਨ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਡਾ. ਅਮਨਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਹਾੜ੍ਹੀ ਦੀਆਂ ਫ਼ਸਲਾਂ ਦੀ ਸੁਚੱਜੀ ਕਾਸ਼ਤ ਲਈ ਜ਼ਰੂਰੀ ਨੁਕਤੇ ਬਾਰੇ ਸਾਝੇ ਕੀਤੇ। ਡਾ. ਮਨੀਸ਼ਾ ਭਾਟੀਆ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਪਰਾਲੀ ਦੀ ਵਰਤੋਂ ਨਾਲ ਘਰੇਲੂ ਸਜਾਵਟੀ ਸਮਾਨ ਤਿਆਰ ਕਰਨ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ 'ਤੇ ਮੁਕੇਸ਼ ਸੈਣੀ, ਸਟੇਟ ਬੈਂਕ ਆਫ ਇੰਡੀਆ (ਲੀਡ ਬੈਂਕ) ਨੇ ਕਿਸਾਨਾਂ ਲਈ ਬੈਂਕ ਦੀਆਂ ਉਪਲੱਬਧ ਸਕੀਮਾਂ ਬਾਰੇ ਦੱਸਿਆ। ਡਾ. ਸਤਵਿੰਦਰ ਕੌਰ, ਮੱਛੀ-ਪਾਲਣ ਅਫਸਰ ਨੇ ਮੱਛੀ ਪਾਲਣ ਨੂੰ ਕਿੱਤੇ ਦੇ ਰੂਪ ਵਿੱਚ ਅਪਨਾਉਣ ਲਈ ਪ੍ਰੇਰਿਆ ਅਤੇ ਵਿਭਾਗ ਦੀਆਂ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ। ਇਸ ਮੌਕੇ 'ਤੇ ਕ੍ਰਿਸ਼ੀ ਵਿਗਿਆਨ ਕੇਂਦਰ, ਫਤਿਹਗੜ੍ਹ ਸਾਹਿਬ, ਇਫਕੋ, ਪੀ. ਐਨ. ਬੀ., ਮੱਛੀ ਪਾਲਣ, ਭੂਮੀ ਸੁਰੱਖਿਆ ਵਿਭਾਗ, ਖੇਤੀਬਾੜੀ ਵਿਭਾਗ ਨੇ ਆਪਣੇ ਵਿਭਾਗਾਂ ਦੀਆਂ ਸਕੀਮਾਂ ਬਾਰੇ ਪ੍ਰਦਰਸ਼ਨੀ ਲਗਾਈ। ਸਮਾਗਮ ਵਿੱਚ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਕਰਨ ਵਾਲੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


### ਫਾਜ਼ਿਲਕਾ ਜ਼ਿਲ੍ਹੇ ਵਿੱਚ ਕਿੰਨੂ ਦੀ ਭਰਮਾਰ, ਬਾਗਬਾਨ ਬਾਗੋ-ਬਾਗ

# ਪਿਛਲੇ ਸਾਲ ਦੇ ਮੁਕਾਬਲੇ ਦੁੱਗਣੇ ਭਾਅ 'ਤੇ ਵਿਕ ਰਿਹੈ ਕਿੰਨੂ, ਕਿੰਨੂਆਂ ਦੀ ਦੇਸ਼-ਵਿਦੇਸ਼ ਵਿੱਚ ਹੈ ਭਾਰੀ ਡਿਮਾਂਡ

ਜ਼ਿਲ੍ਹਾ ਫਾਜ਼ਿਲਕਾ ਦਾ ਕਿੰਨੂ ਆਪਣੇ ਵੱਖਰੇ ਸਵਾਦ ਅਤੇ ਗੁਣਾਂ ਲਈ ਦੇਸ਼ ਅਤੇ ਵਿਸ਼ਵ ਭਰ ਵਿੱਚ ਪ੍ਰਸਿੱਧ ਹੈ। ਫਾਜ਼ਿਲਕਾ ਜ਼ਿਲ੍ਹੇ ਦੇ ਅਬੋਹਰ ਇਲਾਕੇ ਦਾ ਕਿੰਨੂ ਦੇਸ਼-ਵਿਦੇਸ਼ ਤੱਕ ਜਾਂਦਾ ਹੈ। ਹਰ ਸਾਲ ਲੋਕ ਕਿੰਨੂ ਦਾ ਸਵਾਦ ਚੱਖਣ ਲਈ ਇੰਤਜ਼ਾਰ ਕਰਦੇ ਹਨ। ਸਰਦੀਆਂ ਦੇ ਮੌਸਮ ਵਿੱਚ ਇਸ ਫ਼ਲ ਦੀ ਫ਼ਸਲ ਆਉਂਦੀ ਹੈ, ਪਰ ਫ਼ਸਲ ਤੋਂ ਪਹਿਲਾਂ ਹੀ ਬਾਗਾਂ ਦੇ ਬੂਟਿਆਂ 'ਤੇ ਲੱਗੇ ਕਿੰਨੂ ਵਿਕ ਜਾਂਦੇ ਹਨ। ਪੰਜਾਬ ਦਾ ਇੱਕ ਫਲ ਦੇਸ਼-ਵਿਦੇਸ਼ ਤੱਕ ਮਸ਼ਹੂਰ ਹੈ। ਇਸ ਫਲ ਦੀ ਮਿਠਾਸ ਲੋਕਾਂ ਦੇ ਮਨਾਂ ਨੂੰ ਖੂਬ ਲੁਭਾਉਂਦੀ ਹੈ, ਪਰ ਇਸ ਫਲ ਨੂੰ ਤਿਆਰ ਕਰਨ ਅਤੇ ਇਸ ਵਿੱਚ ਮਿਠਾਸ ਲਿਆਉਣ ਲਈ ਕਈ ਵਰ੍ਹਿਆਂ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਸਾਲ ਵਿੱਚ ਇਸ ਫ਼ਲ ਦੀ ਫ਼ਸਲ ਇੱਕ ਵਾਰ ਆਉਂਦੀ ਹੈ ਅਤੇ ਲੋਕ ਇਸ ਫਲ ਦਾ ਸਵਾਦ ਚੱਖਣ ਲਈ ਇਸ ਦਾ ਇੰਤਜ਼ਾਰ ਕਰਦੇ ਹਨ।

ਗੱਲ ਕਰ ਰਹੇ ਹਾਂ ਕਿੰਨੂ ਦੀ, ਜਿਸ ਦੀ ਫ਼ਸਲ ਲੈਣ ਲਈ ਕਿਸਾਨਾਂ ਨੂੰ ਕਈ ਵਰ੍ਹੇ ਲੱਗ ਜਾਂਦੇ ਹਨ। ਕਈ ਵਰ੍ਹਿਆਂ ਬਾਅਦ ਜਦੋਂ ਫ਼ਸਲ ਬੂਟੇ ਉੱਤੇ ਆਉਂਦੀ ਹੈ ਤਾਂ ਇਸ ਦੀ ਮਿਠਾਸ ਹਰ ਕਿਸੇ ਨੂੰ ਚੰਗੀ ਲੱਗਦੀ ਹੈ, ਪਰ ਇਸ ਖੇਤੀ ਦੇ ਪਿੱਛੇ ਕਿਸਾਨਾਂ ਦੀ ਕਿੰਨੀ ਮਿਹਨਤ ਹੈ। ਇਸ ਨੂੰ ਕੋਈ ਨਹੀਂ ਜਾਣਦਾ। ਅਸੀਂ ਇਸ ਖੇਤੀ ਵਿੱਚ ਲੱਗਣ ਵਾਲੀ ਕਿਸਾਨ ਦੀ ਮਿਹਨਤ ਬਾਰੇ ਤੁਹਾਨੂੰ ਦੱਸਦੇ ਹਾਂ ਕਿ ਆਖਰ ਕਿਉਂ ਇੱਕ ਫਲ ਦੀ ਫ਼ਸਲ ਨੂੰ ਲੈਣ ਲਈ ਬਾਗਬਾਨਾਂ ਨੂੰ ਮਿਹਨਤ ਕਰਨੀ ਪੈਂਦੀ ਹੈ।



ਫਾਜ਼ਿਲਕਾ ਜ਼ਿਲ੍ਹੇ ਦੇ ਅਬੋਹਰ ਇਲਾਕੇ ਦੇ ਪਿੰਡ ਖੁਈਆਂ ਸਰਵਰ, ਪਤਰੇਵਾਲਾ, ਮੌਜਗੜ੍ਹ, ਦੀਵਾਨ ਖੇੜਾ, ਦੌਲਤਪੁਰਾ, ਪੰਜਾਵਾ, ਡੰਗਰ ਖੇੜਾ, ਨਿਹਾਲ ਖੇੜਾ, ਬਿੱਲਾ ਪੱਟੀ, ਸੱਪਾਂਵਾਲੀ, ਆਲਮਗੜ੍ਹ ਦਾ ਕਿੰਨੂ ਦੇਸ਼-ਵਿਦੇਸ਼ ਤੱਕ ਜਾਂਦਾ ਹੈ। ਹਰ ਸਾਲ ਲੋਕ ਕਿੰਨੂ ਦਾ ਸਵਾਦ ਚੱਖਣ ਲਈ ਇੰਤਜ਼ਾਰ ਕਰਦੇ ਹਨ। ਸਰਦੀਆਂ ਦੇ ਮੌਸਮ ਵਿੱਚ ਇਸ ਫ਼ਲ ਦੀ ਫ਼ਸਲ ਆਉਂਦੀ ਹੈ, ਪਰ ਫਸਲ ਤੋਂ ਪਹਿਲਾਂ ਹੀ ਬਾਗਾਂ ਦੇ ਬੂਟਿਆਂ 'ਤੇ ਲੱਗੇ ਕਿੰਨੂ ਵਿਕ ਜਾਂਦੇ ਹਨ, ਜੋ ਕਿ ਦੇਸ਼ ਦੇ ਕੋਨੇ-ਕੋਨੇ ਦੇ ਨਾਲ-ਨਾਲ ਵਿਦੇਸ਼ ਤੱਕ ਪਹੁੰਚਦੇ ਹਨ। ਬਾਗ ਤੋਂ ਕਿੰਨੂ ਦਾ ਫਲ ਤੋੜਨ ਤੋਂ ਬਾਅਦ ਇਸ ਦੀ ਵੈਕਸੀਨ ਪਲਾਂਟ ਵਿੱਚ ਲਿਜਾਇਆ ਜਾਂਦਾ ਹੈ, ਜਿੱਥੇ ਡੱਬਿਆਂ ਵਿੱਚ ਪੈਕ ਹੋਣ ਤੋਂ ਬਾਅਦ ਇਹ ਦੇਸ਼ ਦੇ ਕੋਨੇ-ਕੋਨੇ ਤੱਕ ਜਾਂਦਾ ਹੈ ਅਤੇ ਵਿਦੇਸ਼ ਤੱਕ ਇਹ ਪੁੱਜਦਾ ਹੈ।

ਅਬੋਹਰ ਦੇ ਕਿਸਾਨ ਸ਼ਿਵਮ ਸੇਤੀਆ, ਸੁਖਜਿੰਦਰ ਸਿੰਘ, ਰਾਜ ਕੁਮਾਰ, ਪ੍ਰਦੀਪ ਕੁਮਾਰ ਨੇ ਦੱਸਿਆ ਕਿ ਖੇਤ ਵਿੱਚ ਕਿੰਨੂ ਦੀ ਕਾਸ਼ਤ ਕਰਨ ਤੋਂ ਬਾਅਦ ਇਸ ਦਾ ਫਲ ਅਗਲੀ ਪੀੜ੍ਹੀ ਲੈਂਦੀ ਹੈ। ਕਿੰਨੂ ਦੇ ਬੂਟੇ ਨੂੰ ਬੱਚਿਆਂ ਦੀ ਤਰ੍ਹਾਂ ਪਾਲਿਆ ਜਾਂਦਾ ਹੈ। ਇਸ ਦੇ ਪਿੱਛੇ ਇੱਕ ਬਾਗਬਾਨ ਦੀ ਸਖਤ ਮਿਹਨਤ ਲੱਗਦੀ ਹੈ। ਅਬੋਹਰ ਇਲਾਕੇ ਦੇ ਕਿੰਨੂ ਦੀ ਪਹਿਚਾਣ ਦੇਸ਼-ਵਿਦੇਸ਼ ਤੱਕ ਹੈ, ਜਿਸ ਨੂੰ ਲੈ ਕੇ ਲੋਕ ਹਰ ਸਾਲ ਕਿੰਨੂ ਦੇ ਫਲ ਦੀ ਉਡੀਕ ਕਰਦੇ ਹਨ। ਅਬੋਹਰ ਦਾ ਕਈ ਹੈਕਟੇਅਰ ਰਕਬਾ ਕਿੰਨੂ ਦੇ ਬਾਗ ਅਧੀਨ ਹੈ, ਜਿਸ ਦੀ ਪਹਿਚਾਣ ਹੀ ਵੱਖਰੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੂੰ ਅਬੋਹਰ ਤੋਂ ਇੱਕ ਕਿੰਨੂ ਟਰੇਨ ਚਲਾਉਣੀ ਚਾਹੀਦੀ ਹੈ, ਜਿਸ ਨਾਲ ਕਿਸਾਨਾਂ ਅਤੇ ਵਪਾਰੀਆਂ ਦਾ ਫਾਇਦਾ ਹੋ ਸਕੇ। ਇਸ ਦੇ ਨਾਲ ਹੀ ਕਿੰਨੂ ਨੂੰ ਪਸੰਦ ਕਰਨ ਵਾਲੇ ਲੋਕਾਂ ਤੱਕ ਕਿੰਨੂ ਪਹੁੰਚ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕਿੰਨੂ ਦੀ ਖੇਤੀ ਨੂੰ ਲੈ ਕੇ ਬਾਗਬਾਨਾਂ ਦੀ ਮਦਦ ਕਰਨ ਦੀ ਸਖਤ ਲੋੜ ਹੈ। ਕਿੰਨੂ ਦਾ ਉਤਪਾਦਨ ਇਸ ਵਾਰ ਬੇਸ਼ੱਕ ਘੱਟ ਹੈ, ਪਰ ਕਿੰਨੂਆਂ ਦੀ ਕੀਮਤ ਦੇ ਹਿਸਾਬ ਨਾਲ ਬਾਗਬਾਨ ਖੁਸ਼ ਹਨ। ਕਿੰਨੂ ਦੇ ਭਾਅ ਪਿਛਲੇ ਸਾਲ ਦੇ ਮੁਕਾਬਲੇ ਦੁੱਗਣੇ ਹਨ। ਹਾਲਾਂਕਿ ਇਸ ਤੋਂ ਪਹਿਲਾਂ ਠੰਢ ਘੱਟ ਹੋਣ ਕਾਰਨ ਕਿੰਨੂ ਅਜੇ ਪੂਰੀ ਤਰ੍ਹਾਂ ਰੰਗਦਾਰ ਨਹੀਂ ਹੋ ਸਕਿਆ, ਜਿਸ ਕਾਰਨ ਇਸ ਦੀ ਮੰਗ ਘੱਟ ਦੱਸੀ ਜਾ ਸਕਦੀ ਹੈ। ਹੁਣ ਸਰਦੀ ਸ਼ੁਰੂ ਹੋ ਗਈ ਹੈ, ਇਸ ਲਈ ਕਿੰਨੂ ਨੂੰ ਰੰਗ ਚੜ੍ਹਨਾ ਸ਼ੁਰੂ ਹੋ ਗਿਆ ਹੈ, ਜਿਸ ਨਾਲ ਕਿੰਨੂ ਮਿੱਠਾ ਹੋਣਾ ਸ਼ੁਰੂ ਹੋ ਜਾਵੇਗਾ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਇਸ ਦੀ ਮੰਗ ਵੱਧਣ ਦੀ ਸੰਭਾਵਨਾ ਹੈ ਅਤੇ ਕੀਮਤ ਵਿੱਚ ਹੋਰ ਵਾਧਾ ਹੋਵੇਗਾ। ਹੁਣ ਰੰਗਦਾਰ ਕਿੰਨੂ 500 ਤੋਂ 600 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬਾਜ਼ਾਰ ਵਿੱਚ ਮਿਲ ਰਿਹਾ ਹੈ। ਰੰਗਦਾਰ ਕਿੰਨੂ ਦੀ ਕੀਮਤ 25 ਰੁਪਏ ਪ੍ਰਤੀ ਕਿਲੋ ਚੱਲ ਰਹੀ ਹੈ, ਜਦੋਂਕਿ ਇਸ ਤੋਂ ਪਹਿਲਾਂ ਇਸ ਦੀ ਕੀਮਤ 30 ਰੁਪਏ ਪ੍ਰਤੀ ਕਿਲੋ ਸੀ, ਜਦੋਂਕਿ ਹਰੇ ਕਿੰਨੂ ਦੀ ਕੀਮਤ 15 ਤੋਂ 18 ਰੁਪਏ ਪ੍ਰਤੀ ਕਿਲੋ ਹੈ। ਬਾਗਬਾਨਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕਿੰਨੂ ਦਾ ਉਤਪਾਦਨ ਘੱਟ ਹੋਇਆ ਹੈ। ਪਿਛਲੇ ਸਾਲ ਕਿੰਨੂ ਦੀ ਕੀਮਤ 10 ਤੋਂ 15 ਰੁਪਏ ਪ੍ਰਤੀ ਕਿਲੋ ਸੀ, ਜਦੋਂ ਕਿ ਹਰੇ ਕਿੰਨੂ ਦੀ ਕੀਮਤ 5 ਰੁਪਏ ਪ੍ਰਤੀ ਕਿਲੋ ਤੱਕ ਸੀ।

### ਜਿੱਥੇ ਸੇਮ ਦੀ ਸਮੱਸਿਆ, ਉਥੇ ਕਿੰਨੂ ਦੀ ਪੈਦਾਵਾਰ ਹੋਈ ਘੱਟ

ਜਿਨ੍ਹਾਂ ਪਿੰਡਾਂ ਵਿੱਚ ਸੇਮ ਦੀ ਸਮੱਸਿਆ ਹੈ, ਉਥੇ ਬਾਗਬਾਨਾਂ ਨੂੰ ਬੂਟਾ ਪੁੱਟਣਾ ਪੈਂਦਾ ਹੈ। ਪਿਛਲੇ ਸਾਲ ਸਰਕਾਰ ਦੇ ਅਣਗੌਲਿਆਂ ਕਾਰਨ ਬਾਗਬਾਨਾਂ ਦੀ ਸਾਰ ਨਹੀਂ ਲਈ, ਜਿਸ ਕਾਰਨ ਕਈ ਬਾਗਬਾਨਾਂ ਨੂੰ ਬੂਟਿਆਂ ਨੂੰ ਉਖਾੜਨ ਲਈ ਮਜ਼ਬੂਰ ਹੋਣਾ ਪਿਆ, ਜਿਸ ਕਰਕੇ ਕਿੰਨੂ ਦੀ ਫ਼ਸਲ ਵੀ ਹੌਲੀ-ਹੌਲੀ ਘੱਟ ਰਹੀ ਹੈ। ਇਹੀ ਕਾਰਨ ਹੈ ਕਿ ਇਸ ਵਾਰ ਕਿੰਨੂ ਦੀ ਕਾਸ਼ਤ ਘੱਟ ਹੈ।


KSA BEW KSP
KS Group PUNJAB
www.ksagrotech.org
sales@ksagrotech.org
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
KSA Straw Reaper




KSA 756 XH
ਸਟਰਾ-ਰੀਪਰ ਬੁੱਕ ਕਰਵਾਓ
TOLL FREE NUMBER 1800-120-004455
www.ksagrotech.org
Contact No.
+91 92170-70555
+91 92170-71755
ਕੇ.ਐਸ. ਐਗਰੋਟੈਕ ਪ੍ਰਾ.ਲਿ.
ਰਾਏਕੋਟ ਰੋਡ, ਮਲੇਰਕੋਟਲਾ, ਜ਼ਿਲਾ ਸੰਗਰੂਰ, ਪੰਜਾਬ